•••

HARJOT DI KALAM ਹਰਜੋਤ ਦੀ ਕਲਮ

ਪੰਜਾਬੀ ਵਿੱਚ ਵਰਕੇ ਕਾਲੇ ਕਰਨ ਵਾਲਾ

Advertisements

Earn money off your WordPress site

ਆਦਮ ਬੋਅ ਪੂਰੀ ਕਹਾਣੀ

Lesbian couple holding hands. Girls in love. Vector illustration.

•••

“ਔਰਤ ਮਰਦ ਤੋਂ ਬਿਨਾਂ ਅਧੂਰੀ ਹੈ ,ਇਹ ਸ਼ਬਦ ਮੈਨੂੰ ਇੰਝ ਲਗਦੇ ਹਨ ਜਿਵੇਂ ਸ਼ਬਦ ਨਾ ਹੋ ਕੇ ਔਰਤ ਦੇ ਪੈਰਾਂ ਚ ਪਾਈਆਂ ਹੋਈਆਂ ਜੰਜ਼ੀਰਾਂ ਹਨ ,ਕਿ ਔਰਤ ਉਮਰ ਭਰ ਆਪਣੇ ਅਧੂਰੇਪਣ ਦੇ ਭਰਮ ਚ ਕਿਸੇ ਮਰਦ ਦਾ ਆਸਰਾ ਤਾਂਘਦੀ ਰਹੇ ,ਪਿਤਾ,ਭਰਾ ਪਤੀ ਤੇ ਪੁੱਤਰ। ਇਹਨਾਂ ਵਿੱਚੋਂ ਕਿਸੇ ਇੱਕ ਦਾ ਨਾ ਹੋਣਾ ਵੀ ਔਰਤ ਨੂੰ ਉਮਰ ਭਰ ਅੱਖਾਂ ਚੁੱਕ ਕੇ ਜਿਉਣ ਦੀ ਇਜਾਜ਼ਤ ਨਹੀਂ ਦਿੰਦਾ। ਬੱਸ ਮੈਂ ਇਸੇ ਜਾਲ਼ ਚੋਂ. ਨਿੱਕਲਣਾ ਚਾਹੁੰਦੀ ਸੀ। “ਸ਼ੁਭਜੀਤ ਨੇ ਸ਼ਿਵਾਲੀ ਦੀਆਂ ਅੱਖਾਂ ਚ ਵੇਖਦੇ ਹੋਏ ਬੜੇ ਨਿਸ਼ਚੇ ਨਾਲ ਇਹ ਸ਼ਬਦ ਆਖੇ ਸੀ। ਸ਼ਿਵਾਲੀ ਨੂੰ ਜਿਵੇਂ ਕੁਝ ਯਾਦ ਆ ਗਿਆ ਹੋਏ ਉਹ ਬੋਲੀ ,”ਮੇਰੀ ਦਾਦੀ ਪਰੀਆਂ ਦੀਆਂ ਕਹਾਣੀਆਂ ਸੁਣਾਇਆ ਕਰਦੀਆਂ ਸੀ। ਪਰੀਆਂ ਦੂਰ ਜੋ ਪਰੀ ਲੋਕ ਵਿੱਚ ਰਹਿੰਦੀਆਂ ਸੀ ਜਿਹਨਾਂ ਨੂੰ ਆਦਮੀ ਦੀ ਫਿਤਰਤ ਤੇ ਭੋਰਾ ਯਕੀਨ ਨਹੀਂ ਸੀ ,ਆਦਮੀ ਦੀ ਬੋਅ ਨੂੰ ਦੂਰੋਂ ਹੀ ਸੁੰਘ ਕੇ ਆਦਮ ਬੋਅ ਆਦਮ ਬੋਅ ਕੂਕ ਉਠਦੀਆਂ ਸੀ। ਦਾਦੀ ਦਸਦੀ ਸੀ ਕਿ ਬਹੁਤ ਹੀ ਘੱਟ ਆਦਮੀ ਦੁਨੀਆਂ ਚ ਪੈਦਾ ਹੁੰਦੇ ਸੀ ਜੋ ਕਿਸੇ ਪਰੀ ਤੱਕ ਪਹੁੰਚ ਸਕਦੇ ਸੀ। ਨਹੀਂ ਤਾਂ ਆਦਮੀਆਂ ਦੀਆਂ ਚਲਾਕੀਆਂ ਜ਼ੁਲਮਾਂ ਕੈਦ ਕਰਕੇ ਰੱਖਣ ਦੀ ਆਦਤ ਤੋਂ ਉਹ ਹਮੇਸ਼ਾ ਲੁਕ ਕੇ ਰਹਿੰਦੀਆਂ ਸੀ। ”
#harjotdikalam “ਮਰਦਾਂ ਨੂੰ ਵਿਸ਼ਵਾਸ਼ਘਾਤ ਤੋਂ ਬਿਨਾਂ ਕੁਝ ਆਉਂਦਾ ਵੀ ਨਹੀਂ ,ਪਰੀਆਂ ਦੇ ਖੰਭ ਜਲਾ ਕੇ ਉਹਨੂੰ ਧਰਤੀ ਤੇ ਡੱਕ ਲੈਂਦੇ ਸੀ ,ਅੱਜ ਮੈਨੂੰ ਸਮਝ ਚ ਆਇਆ ਕਿ ਉਹ ਪਰੀਆਂ ਇਸੇ ਧਰਤੀ ਦੀਆਂ ਲੱਖਾਂ ਕਰੋੜਾਂ ਔਰਤਾਂ ਹਨ ਜਿਹਨਾਂ ਦੇ ਉਮੀਦਾਂ,ਸੁਪਨਿਆਂ ਦੇ ਖੰਭ ਕਿੰਨੇ ਹੀ ਮਰਦਾਂ ਵੱਲੋਂ ਸਾੜ ਦਿੱਤੇ ਜਾਂਦੇ

ਹਨ ,ਕਦੇ ਪਿਤਾ ਬਣਕੇ,ਕਦੇ ਭਰਾ ,ਬਣਕੇ ਕਦੇ ਪਤੀ ਬਣਕੇ ਤੇ ਕਦੇ ਪੁੱਤਰ ਬਣ ...
ਕੁਝ ਔਰਤਾਂ ਹੀ ਹੀ ਇਹ ਖੰਭ ਸਲਾਮਤ ਰੱਖ ਅੱਜ ਵੀ ਪਰੀਆਂ ਵਾਂਗ ਜਿਉਂ ਹੀ ਰਹੀਆਂ ਹਨ। “ਰਾਤ ਕਾਫੀ ਲੰਮੀ ਹੋ ਗਈ ਸੀ। ਗੱਲਾਂ ਕਰਦਿਆਂ ਸੋਚਦਿਆਂ ਕਾਫੀ ਦੇਰ ਹੋ ਗਈ ਸੀ। ਸ਼ਿਵਾਲੀ ਤੇ ਸ਼ੁਭ ਦੋਵੇਂ ਇੱਕੋ ਆਫਿਸ ਚ ਜੌਬ ਕਰਦੇ ਸੀ। ਸ਼ਿਵਾਲੀ ਨੂੰ ਜਦੋਂ ਪਹਿਲੀ ਵਾਰ ਆਫਿਸ ਚ ਜੁਆਇਨ ਕਰਨ ਵੇਲੇ ਸ਼ੁਭ ਨੇ ਵੇਖਿਆ ਸੀ ਤਾਂ ਉਹਦੇ ਵਿੱਚ ਉਸਨੂੰ ਅਲੱਗ ਹੀ ਵਿਖਾਈ ਦਿੱਤਾ ਸੀ। ਹੌਲੀ ਹੌਲੀ ਉਸਦੀ ਹਰ ਹਰਕਤ ਨੂੰ ਉਹ ਨੋਟ ਕਰਦੀ ਰਹੀ ਸੀ। ਉਸਨੇ ਵੇਖਿਆ ਸੀ ਕਿ ਉਹ ਆਫ਼ਿਸ ਦੀਆਂ ਬਾਕੀ ਕੁੜੀਆਂ ਵਾਂਗ ਅਟੇਂਸ਼ਨ ਸੀਕਰ ਨਹੀਂ ਸੀ। ਉਸਦੇ ਕੱਪੜੇ ਸਾਦੇ ਤੇ ਬਿਨਾਂ ਬਹੁਤੇ ਮੇਕਅੱਪ ਤੋਂ ਹੁੰਦੇ ਸੀ। “ਪਲੇ ਬੁਆਏ “ਕਿਸਮ ਦੇ ਸੋਹਣੇ ਸੁਨੱਖੇ ਗੱਭਰੂਆਂ ਦੇ ਨੇੜੇ ਕਦੇ ਗੇੜੇ ਨਹੀਂ ਸੀ ਕੱਢਦੀ। ਕਿਸੇ ਤੇ ਆਪਣੀ ਖੂਬਸੂਰਤੀ ਦਾ ਪ੍ਰਭਾਵ ਨਹੀਂ ਸੀ ਪਾਉਂਦੀ। ਭਾਵੇਂ ਉਹ ਵੀ ਉਸ ਵਾਂਗ ਪੰਜਾਬਣ ਹੀ ਸੀ ਭਾਵੇਂ ਸ਼ਹਿਰੀ ਹੀ। ਦੋਵਾਂ ਚ ਬਾਕੀ ਸਭ ਕੁਝ ਲੱਗਪੱਗ ਇੱਕੋ ਜਿਹਾ ਸੀ ਸਿਰਫ ਇਹ ਕਿ ਸ਼ੁਭ ਉਸਦੇ ਉਲਟ ਬਹੁਤ ਸੱਜ ਧੱਜ ਕੇ ਆਫਿਸ ਆਉਂਦੀ ਸੀ। ਇਸ ਲਈ ਨਹੀਂ ਕਿ ਉਹ ਕਿਸੇ ਨੂੰ ਆਪਣੇ ਵੱਲ ਆਕਰਸ਼ਿਤ ਕਰਨਾ ਚਾਹੁੰਦੀ ਸੀ ਸਗੋਂ ਇਸ ਲਈ ਕਿ ਉਹਨੂੰ ਸੱਜ ਧੱਜ ਕੇ ਫਿਰਨਾ ਆਪਣੇ ਰੂਪ ਨੂੰ ਨਿਖਾਰਨਾ ਤੇ ਆਪਣੇ ਜਿਸਮ ਦੀ ਖੂਬਸੂਰਤੀ ਨੂੰ ਉਘਾੜਨਾ ਵਧੀਆ ਲਗਦਾ ਸੀ। ਭਲਾਂ ਗੁਲਾਬ ਦਾ ਫੁੱਲ ਵੀ ਖੂਬਸੂਰਤੀ ਕਿਸੇ ਲਈ ਖਾਸ ਲਈ ਖਿੰਡਾਉਂਦਾ ਹੈ। ਨਹੀਂ ਇਹ ਉਸਦਾ ਸੁਭਾਅ ਹੈ। ਇਹੋ ਸੁਭਾਅ ਸ਼ੁਭ ਦਾ ਸੀ। ਦੋਵਾਂ ਦੀ ਜ਼ੁਬਾਨ ਸਾਂਝੀ ਹੋਈ ਤਾਂ ਹੌਲੀ ਹੌਲੀ ਗੱਲਾਂ ਖੁੱਲ੍ਹਣ ਲੱਗੀਆਂ। ਇੱਕ ਦੂਸਰੇ ਚ ਦਿਸਦੀਆਂ ਸਮਾਨਤਾਵਾਂ ਦੀ ਪਛਾਣ ਹੋਣ ਲੱਗੀ। ਇੰਝ ਹੌਲੀ ਹੌਲੀ ਦੋਵਾਂ ਦੀ ਦੋਸਤੀ ਦਾ ਮੁੱਢ ਬੱਝਿਆ। ਮਿਲਣਾ ਗਿਲਣਾ ਵਧਦਾ ਗਿਆ। ਸ਼ਿਵਾਲੀ ਨਵੀਂ ਸੀ ,ਆਫਿਸ ਤੇ ਇਸ ਸ਼ਹਿਰ ਵਿੱਚ ਸਭ ਤੋਂ ਵੱਧ ਯਕੀਨ ਉਸਨੂੰ ਸ਼ੁਭ ਦਾ ਹੀ ਹੋਇਆ ਸੀ। ਕੁਝ ਦਿਨਾਂ ਚ ਉਸਦੀ ਮਦਦ ਕਰਕੇ

ਆਪਣੇ ਹੀ ਫਲੈਟ ਵਾਲੀ ਆਂਟੀ ਨਾਲ ਗੱਲ ਕਰਕੇ ਕਮਰਾ ਦੇਵਾ ਦਿੱਤਾ ਸੀ। ਉਹ ਸ਼ਿਵਾਲੀ ਉਸ ਕੋਲ ਹੀ ਸ਼ਿਫਟ ਹੋ ਗਈ ਸੀ। ਕੁਝ ਹੀ ਦਿਨਾਂ ਚ ਇੰਝ ਘੁਲ ਗਈਆਂ ਸੀ ਜਿਵੇਂ ਬਚਪਨ ਦੀਆਂ ਸਹੇਲੀਆਂ ਹੋਣ। ਉਸਦੇ ਸਮਾਨ ਸ਼ਿਫਟ ਤੋਂ ਲੈ ਕੇ ਨਵੇਂ ਸ਼ਹਿਰ ਚ ਖਰੀਦਾਰੀ ਤੱਕ ਸਭ ਕੁਝ ਉਸਦੇ ਨਾਲ ਕਰਵਾਇਆ ਸੀ। ਆਪਣੇ ਜਿੰਦਗੀ ਦੇ ਪਿਛੋਕੜ ਨੂੰ ਫਰੋਲਦੇ ਹੋਏ ਦੋਵੇਂ ਕਿਸੇ ਪੱਕੀਆਂ ਸਹੇਲੀਆਂ ਵਾਂਗ ਹੋ ਗਈਆਂ ਸਨ।ਫਿਰ ਅੱਜ ਦੇ ਦਿਨ ਹੀ ਉਹਨਾਂ ਨੇ ਸਾਰਾ ਕੰਮ ਖਤਮ ਕਰ ਲਿਆ। ਸਾਫ ਸਫਾਈ ਤੇ ਵਸਤਾਂ ਨੂੰ ਟਿਕਾਉਂਦੇ ਸ਼ਾਮ ਹੋ ਗਈ ਸੀ। ਢਲਦੇ ਸੂਰਜ ਦੀ ਰੋਸ਼ਨੀ ਤੇ ਦਿਨ ਭਰ ਦੀ ਭੱਜ ਦੌੜ ਨੇ ਥਕਾ ਦਿੱਤਾ ਸੀ। ਗਰਮੀ ਦਾ ਮੌਸਮ ਸੀ ਇਸ ਲਈ ਥੱਕ ਕੇ ਸ਼ੁਭ ਤਾਂ ਨਹਾਉਣ ਲਈ ਜਾਣ ਲੱਗੀ। “ਮੈਨੂੰ ਕੋਈ ਆਪਣਾ ਕੋਈ ਨਾਈਟ ਸੂਟ ਦੇਦੇ ,ਮੈਂ ਉਹੀ ਪਾ ਲਵਾਂਗੀ”ਅੱਜ ਦੀ ਰਾਤ ਉਹਨਾਂ ਦਾ ਕੱਠੇ ਰੁਕ ਕੋਈ ਮੂਵੀ ਵੇਖਣ ਦਾ ਪਲੈਨ ਸੀ। ਕੱਲ੍ਹ ਐਤਵਾਰ ਦੀ ਛੁੱਟੀ ਸੀ। “ਠੀਕ ਏ ਦਿੰਨੀ ਆਂ ਤੂੰ ਨਹਾਉਣਾ ਸ਼ੁਰੂ ਕਰ ” ਆਖਕੇ ਸ਼ਿਵਾਲੀ ਆਪਣੀ ਅਲਮਾਰੀ ਫਰੋਲਣ ਲੱਗੀ। ਸ਼ੁਭ ਨੇ ਕਪੜੇ ਉਤਾਰ ਕੇ ਗਰਮੀ ਨੂੰ ਕੱਢਦੇ ਹੋਏ ਸਿਰ ਨੂੰ ਫੁਹਾਰੇ ਹੇਠ ਕਰ ਲਿਆ। ਪਾਣੀ ਦੀ ਆਵਾਜ਼ ਵਿੱਚ ਜਿਵੇਂ ਉਹ ਗੁਆਚ ਗਈ ਹੋਵੇ। ਉਹ ਹੋਸ਼ ਚ ਉਦੋਂ ਆਈ ਜਦੋਂ ਆਪਣੇ ਮੋਢਿਆਂ ਉੱਤੇ ਉਸਨੂੰ ਦੋ ਹੱਥ ਮਹਿਸੂਸ ਹੋਏ। ਉਹ ਬਿਲਕੁਲ ਨਹੀਂ ਤ੍ਰਬਕੀ ਜਿਵੇਂ ਉਸਨੂੰ ਇਸ ਦਾ ਪਹਿਲਾਂ ਹੀ ਅਨੁਮਾਨ ਹੋਏ। ਪਾਣੀ ਨਾਲ ਠੰਡੇ ਹੋਏ ਉਸਦੇ ਪਿੰਡੇ ਨਾਲ ਸ਼ਿਵਾਲੀ ਦੇ ਜਿਸਮ ਦੇ ਜੁੜਦੇ ਹੀ ਉਸਨੂੰ ਗਰਮੀ ਦਾ ਅਹਿਸਾਸ ਹੋਇਆ। ਸ਼ਿਵਾਲੀ ਦੇ ਜਿਸਮ ਨੂੰ ਉਹ ਕਈ ਵਾਰ ਹੱਥ ਚ ਪਕੜ ਕੇ ਮੋਢਿਆਂ ਦੀ ਪਕੜ ਤੇ ਸਕੂਟੀ ਤੇ ਉਸ ਨਾਲ ਚਿਪਕ ਕੇ ਬੈਠ ਜਾਣ ਨਾਲ ਮਹਿਸੂਸ ਕਰ ਚੁੱਕੀ ਸੀ। ਨਿਰਵਸਤਰ ਹੋਕੇ ਮਹਿਸੂਸ ਕਰਨ ਦਾ ਇਹ ਪਹਿਲਾਂ ਮੌਕਾ ਸੀ। ਸ਼ਿਵਾਲੀ ਦੇ ਹੱਥ ਮੋਢਿਆਂ ਤੋਂ ਖਿਸਕ ਕੇ ਉਸਦੀਆਂ ਵੱਖੀਆਂ ਤੋਂ ਹੁੰਦੇ ਹੋਏ ਉਸਨੂੰ ਆਪਣੇ ਨਾਲ ਘੁੱਟਣ ਲਈ ਜ਼ੋਰ ਲਗਾਉਣ ਲੱਗੇ। ਹੱਥਾਂ ਦੀ ਛੋਹ ਤੋਂ ਪਹਿਲਾਂ

ਹੀ ਅੰਗ ਫਰਕਣ ਲੱਗੇ ਸੀ ਦਿਲ ਬੇਕਾਬੂ ਹੋਣ ਲੱਗਾ ਸੀ। ਹੱਥਾਂ ਚ ਲੁਕ ਕੇ ਜਿਉਂ ...
ਜਿਉਂ ਸ਼ਿਵਾਲੀ ਦੇ ਹੱਥ ਉਸ ਨਾਲ ਖੇਡਣ ਲੱਗੇ ਤਾਂ ਸ਼ੁਭ ਇੱਕ ਦਮ ਪਲਟ ਗਈ ਸੀ। ਉਸਨੇ ਸ਼ਿਵਾਲੀ ਦੀਆਂ ਅੱਖਾਂ ਚ ਤੱਕਿਆ ਜਿਸਨੂੰ ਪਹਿਲੇ ਦਿਨ ਤੱਕਕੇ ਹੀ ਉਹਨੂੰ ਕੁਝ ਅਜੀਬ ਮਹਿਸੂਸ ਹੋਇਆ ਤੇ ਹਰ ਇੱਕ ਲੰਘਦੇ ਦਿਨ ਤੇ ਹਰ ਇੱਕ ਲੰਘਦੀ ਮੁਲਾਕਾਤ ਨਾਲ ਜਿਵੇਂ ਉਹ ਇੱਕ ਦੂਜੇ ਨੂੰ ਸਮਝ ਗਈਆਂ ਸੀ। ਇੱਕ ਦੂਸਰੇ ਨੂੰ ਛੋਹਣ ਤੇ ਢੰਗ ਤੋਂ ਦੇਖਣ ਦੇ ਢੰਗ ਤੋਂ ਹੀ !ਇੰਝ ਅੱਖਾਂ ਚ ਤੱਕਦੇ ਵੇਖ ਸ਼ਿਵਾਲੀ ਨੇ ਉਸਦਾ ਮੱਥਾ ਚੁੰਮ ਲਿਆ। ਉਸਦੇ ਬੁੱਲ੍ਹ ਖਿਸਕਣ ਲੱਗੇ ਤੇ ਖਿਸਕਦੇ ਹੋਏ ਸਿਰਫ ਬੁੱਲਾਂ ਤੇ ਆਕੇ ਹੀ ਟਿਕ ਗਏ। ਨਰਮ ਨਰਮ ਪੱਤੀਆਂ ਆਪਸ ਚ ਉਲਝਣ ਲੱਗੀਆਂ। ਹੱਥ ਪਿੰਡੇ ਉੱਪਰ ਘੁੰਮਣ ਲੱਗੇ। ਹਰ ਉੱਚੇ ਨੀਵੇਂ ਹਿੱਸੇ ਨੂੰ ਛੋਹ ਕੇ ਵੇਖਣ ਲੱਗੇ ,ਸਹਿਲਾ ਕੇ ਪਰਚਾਉਣ ਲੱਗੇ। ਕਿੰਨੇ ਹੀ ਚਿਰ ਦੀ ਪਿਆਸ ਨੂੰ ਬੁਝਾਉਣ ਲਈ ਦੋਵੇਂ ਤਤਪਰ ਸੀ। ਬੁੱਲ੍ਹ ਖਿਸਕਦੇ ਹੋਏ ਗਰਦਨ ਤੋਂ ਹੁੰਦੇ ਹੋਏ ਅਗਾਂਹ ਹੀ ਅਗਾਂਹ ਵਧਦੇ ਗਏ। ਸੀਨਿਆਂ ਦੀ ਆਪਸੀ ਰਗੜ ਤੋਂ ਵੱਧ ਹੁਣ ਬੁੱਲ੍ਹਾ ਦੀ ਗਰਮਾਇਸ਼ ਦੀ ਲੋੜ ਸੀ। ਜੀਭ ਦੀ ਕਲਾਕਾਰੀ ਨਾਲ ਦੋਵੇਂ ਹੀ ਵਾਰੋ ਵਾਰੀ ਇੱਕ ਦੂਸਰੇ ਨੂੰ ਲਾਜਵਾਬ ਕਰ ਰਹੀਆਂ ਸੀ। ਸ਼ਿਵਾਲੀ ਸ਼ੁਭ ਦੇ ਹੱਥਾਂ ਦੀ ਹਰਕਤ ਤੋਂ ਉਸਦੀ ਬੇਚੈਨੀ ਨੂੰ ਸਮਝ ਰਹੀ ਸੀ। ਉਹ ਉਸਦੇ ਢਿੱਡ ਤੇ ਲਕੀਰ ਨੂੰ ਵਾਹੁੰਦੇ ਹੋਏ ਖਿਸਕਦੀ ਚਲੀ ਗਈ। ਪਰ ਉਸਦੇ ਹੱਥਾਂ ਦੀ ਪਕੜ ਸੀਨੇ ਤੋਂ ਢਿੱਲੀ ਨਹੀਂ ਸੀ ਹੋਈ। ਜਦੋਂ ਉਹ ਗੋਡਿਆਂ ਭਾਰ ਬੈਠ ਉਸ ਅੰਤਿਮ ਪੜਾਅ ਦੇ ਕੋਲ ਪਹੁੰਚਣ ਲਈ ਬੇਤਾਬ ਸ਼ੁਭ ਲਈ ਇੱਕ ਜਰੀਆ ਬਣੀ। ਆਪਣੇ ਪੂਰੇ ਅਨੁਭਵ ਨਾਲ ਹੱਥਾਂ ਬੁੱਲਾਂ ਤੇ ਜੀਭ ਦੀ ਹਰਕਤਾਂ ਨਾਲ ਜਿਵੇਂ ਵੀ ਉਸਨੇ ਅੰਤਿਮ ਮੰਜਿਲ ਤੱਕ ਪਹੁੰਚਾ ਹੀ ਦਿੱਤਾ। ਹੁਣ ਸ਼ੁਭ ਦਾ ਵਾਰੀ ਸੀ। ਤੇ ਅੱਜ ਦੀ ਇਹ ਰਾਤ ਇਸ ਵੇਲੇ ਤੱਕ ਕਿੰਨੀ ਹੀ ਵਾਰ ਦੋਵੇਂ ਇੱਕ ਦੂਸਰੇ ਨੂੰ ਪਿਆਰ ਕਰ ਚੁੱਕੀਆਂ ਸੀ। ਰਿਸ਼ਤਾ ਜੋ ਸਮਾਜ ਲਈ ਗਲਤ ਸੀ ,ਉਹ ਦੋਵੇਂ ਬਣਾ ਚੁੱਕੀਆਂ ਸੀ। ਸ਼ਾਇਦ ਪਹਿਲੀ ਵਾਰ ਨਹੀਂ ਇਸ ਤੋਂ ਪਹਿਲਾਂ

ਵੀ। ਜਿਸ ਪਿਛ ਪਤਾ ਨਹੀਂ ਕੀ ਕੀ ਅਨੁਭਵ ਸੀ ਤੇ ਕੀ ਕੀ ਅੰਦਰ ਦੀ ਜਰੂਰਤ ... !! ਪਰ ਇੱਕ ਜੋ ਚੀਜ਼ ਦੋਵਾਂ ਨੂੰ ਪਤਾ ਸੀ ਕਿ ਦੋਵੇਂ ਆਦਮ-ਬੋਅ ਨੂੰ ਨਫਰਤ ਦੀ ਨਿਗ੍ਹਾ ਨਾਲ ਦੇਖਦੀਆਂ ਸੀ। ਇਸਦਾ ਕਾਰਨ ਕੀ ਸੀ? ਇਹ ਤਾਂ ਹੁਣ ਦੋਵੇਂ ਹੀ ਦੱਸ ਸਕਦੀਆਂ ਸੀ। “ਬਾਕੀ ਗੱਲਾਂ ਕੱਲ੍ਹ ਅੱਜ ਤੂੰ ਬਹੁਤ ਥਕਾ ਦਿੱਤਾ “ਸ਼ੁਭ ਨੇ ਉਸਨੂੰ ਆਪਣੇ ਨਾਲ ਘੁੱਟਦੇ ਹੋਏ ਕਿਹਾ। ਗਰਮੀ ਦੇ ਬਾਵਜੂਦ ਉਸਨੂੰ ਇੰਝ ਪਿਆਰ ਨਾਲ ਘੁੱਟ ਕੇ ਸੀਨੇ ਨਾਲ ਲਾਉਣਾ ਉਸਨੂੰ ਚੰਗਾ ਲੱਗਾ ਸੀ। ਦੋਵੇਂ ਇੰਝ ਹੀ ਬਾਹਾਂ ਚ ਸਮਾ ਕੇ ਸੌਂ ਗਈਆਂ।

ਪਿੰਡ ਚ ਪਲੀ ਬੜੀ ਸ਼ੁਭ ਨੂੰ ਪਿਆਰ ਬਾਰੇ ਬਹੁਤ ਨਹੀਂ ਸੀ ਪਤਾ । ਜਿਸ ਉਮਰ ਵਿੱਚ ਉਸਦੀਆਂ ਸਹੇਲੀਆਂ ਮੁੰਡਿਆਂ ਨੂੰ ਤਾੜਦੀਆਂ ਸੀ,ਕਿਸੇ ਦੀ ਪੱਗ ਦੇ ਪੇਚ ਗਿਣਦੀਆਂ ਸੀ ,ਕਿਸੇ ਦੀ ਅੱਖਾਂ ਦੀ ਸ਼ਰਾਰਤ ਪੜ੍ਹਦੀਆਂ ਸੀ ਤੇ ਕਿਸੇ ਨੂੰ ਆਪਣੀ ਹੋਂਦ ਦਾ ਅਹਿਸਾਸ ਕਰਵਾਉਣ ਲਈ ਟੀਨਏਜ ਕੁੜੀਆਂ ਵਰਗੇ ਫ਼ੈਸਨ ਕਰਦੀਆਂ ਸੀ। ਸ਼ੁਭ ਦਾ ਝੁਕਾਅ ਸ਼ੁਰੂ ਤੋਂ ਹੀ ਅਲੱਗ ਸੀ।ਉਸਨੂੰ ਮੁੰਡਿਆਂ ਵੱਲ ਕਦੇ ਆਕਰਸ਼ਣ ਨਹੀਂ ਸੀ ਹੋਇਆ। ਮਨਮੋਹਕ ਮੁਸਕਾਨ,ਮੋਟੀਆਂ ਅੱਖਾਂ,ਭਰਵੇਂ ਭਰਵੇਂ ਸਰੀਰ ਵਾਲੀਆਂ ਕੁੜੀਆਂ ਉਸਨੂੰ ਉਸ ਉਮਰ ਤੋਂ ਹੀ ਪਸੰਦ ਸੀ।

ਮੁੰਡਿਆਂ ਦੀ ਦੋਸਤੀ ,ਪਿਆਰ ਦੇ ਪ੍ਰੋਪੋਜ਼ ਉਸਨੂੰ ਬਹੁਤ ਆਉਂਦੇ ਪਰ ਕਿਸੇ ਨੂੰ ਕਦੇ ਵੀ ਹਾਂ ਨਾ ਕੀਤੀ ।ਉਸਨੂੰ ਤਾਂ ਆਪਣੀ ਨਵੀਂ ਨਵੀ ਆਈ ਇੱਕ ਕਲਾਸਮੇਟ ਮਨਿੰਦਰ ਵੱਲ ਬਹੁਤ ਜ਼ਿਆਦਾ ਲਗਾਅ ਸੀ। ਉਸਨੂੰ ਉਸ ਕੋਲ ਬੈਠਣਾ ਗੱਲ ਕਰਨੀ ਬਹੁਤ ਪਸੰਦ ਸੀ। ਉਹ ਉਸ ਨਾਲ ਹੱਥ ਪਕੜ ਕੇ ਬੈਠਦੀ ,ਮੋਢੇ ਸਿਰ ਰੱਖਕੇ ਗੱਲਾਂ ਕਰਦੀ। ਇਹ ਉਮਰ ਹੀ ਐਸੀ ਸੀ ਕਿ ਦੋਸਤੀ ਵੀ ਜ਼ਜਬਾਤਾਂ ਨਾਲ ਬੱਝੀ ਹੁੰਦੀ ਹੈ । ਅੱਲ੍ਹੜ ਉਮਰ ਚ ਕੁੜੀਆਂ ਇੱਕ ਦੂਸਰੇ ਦੀਆਂ ਗਹਿਰੀਆਂ ਰਾਜ਼ਦਾਰ ਹੁੰਦੀਆਂ ਹਨ। ਇਸ ਲਈ ਇੱਕ ਦੂਸਰੇ ਦੀ ਦੋਸਤੀ ਲਈ ਮਰ ਮਿਟਣ ਦੇ ਦਾਅਵੇ ਰਾਜ਼ ਲੁਕੋ ਕੇ ਰੱਖਣ ਯਕੀਨ ਔਰਤ ਤੋਂ ਵੱਧ ਕਿਸੇ ਕੋਲ ਨਹੀਂ। ਮੁੰਡੇ ਤਾਂ

ਖੁਦ ਬਾਰੇ ਖੁਦ ਦੇ ਬਦਲ ਰਹੇ ਸਰੀਰ ਬਾਰੇ ਜਜ਼ਬਾਤਾਂ ਬਾਰੇ ਖੁੱਲ੍ਹ ਕੇ ਗੱਲ ਕਰ ਲੈਂਦੇ ਹਨ । ਪਰ ਔਰਤ ਉਹ ਭੇਦ ਦੱਸਣ ਲਈ ,ਬਦਲਦੇ ਸਰੀਰ ਤੇ ਅੰਗਾਂ ਦੀਆ ਗੱਲਾਂ ਕਰਨ ਲਈ ਰਾਜ਼ਦਾਰ ਚਾਹੁੰਦੀਆਂ ਹਨ । ਮੁੰਡਾ ਕੁੜੀ ਦੀ ਦੋਸਤੀ ਚ ਸਮਾਜਿਕ ਰੁਕਾਵਟ ਕਰਕੇ ਇਹ ਰਾਜ਼ ਕੁੜੀਆਂ ਚ ਆਪਸ ਚ ਹੀ ਖੁੱਲ੍ਹਦੇ ਹਨ । ਇਸ ਕਰਕੇ ਆਪਸ ਚ ਉਹ ਵਧੇਰੇ ਨਿਸ਼ੰਗ ਹੋ ਜਾਂਦੀਆਂ ਹਨ । ਇੱਕ ਦੂਸਰੇ ਤੇ ਰੱਬ ਤੋਂ ਵੱਧਕੇ ਯਕੀਨ । ਇਸ ਲਈ ਕਿਸੇ ਮੁੰਡੇ ਨਾਲੋਂ ਕਿਸੇ ਕੁੜੀ ਦਾ ਪਹਿਲਾ ਪਿਆਰ ਇੱਕ ਕੁੜੀ ਹੁੰਦਾ ਹੈ ਬੇਸ਼ਕ ਬਹੁਤੇ ਕੇਸਾਂ ਵਿੱਚ ਕਾਮੁਕ ਖਿੱਚ ਨਾ ਹੋਏ ਪਰ ਉਹ ਛੇੜਛਾੜ ਤੇ ਜਜ਼ਬਾਤੀ ਵਹਿਣ ਹੁੰਦਾ ਹੈ ।

ਇਹੋ ਹਾਲ ਮਨਿੰਦਰ ਤੇ ਸ਼ੁਭ ਦੀ ਦੋਸਤੀ ਦਾ ਸੀ। ਦੋਵਾਂ ਦੇ ਹਰ ਤਰੀਕੇ ਦੇ ਰਾਜ਼ ਸਾਂਝੇ ਸੀ,ਹਰ ਤਰ੍ਹਾਂ ਦਾ ਮਜ਼ਾਕ ਵੀ ਸੀ।ਇੱਕ ਦੂਸਰੇ ਦੇ ਘਰ ਆਉਣਾ ਜਾਣਾ ਵੀ ਸੀ।ਇਕੱਠੇ ਪੜ੍ਹਨਾ ਵੀ ਸੀ,ਬਿਨ੍ਹਾਂ ਸੰਗ ਤੋਂ ਇੱਕ ਦੂਸਰੇ ਸਾਹਮਣੇ ਕੱਪੜੇ ਬਦਲ ਲੈਣਾ ਵੀ ਸੀ। ਇਹ ਮਰਦ ਮਰਦ ਤੇ ਔਰਤ ਔਰਤ ਦੀ ਦੋਸਤੀ ਚ ਫ਼ਰਕ ਹੈ ਕਿ ਮਰਦ ਮਰਦ ਸਾਹਮਣੇ ਕਪੜੇ ਬਦਲਣ ਚ ਸ਼ਰਮਾ ਹੀ ਜਾਂਦਾ ਹੈ,ਔਰਤ ਨਹੀਂ ਸ਼ਰਮਾਉਂਦੀ ।

ਪਰ ਕੱਪੜੇ ਬਦਲਣ ਤੋਂ ਇਹ ਸਿਲਸਿਲਾ ਕਦੋਂ ਕੱਪੜੇ ਖੋਲ੍ਹ ਇੱਕ ਦੂਸਰੇ ਨਾਲ ਲੇਟਣ ਚ ਬਦਲ ਗਿਆ। ਪਤਾ ਹੀ ਨਾ ਲੱਗਾ। ਉਮਰ ਦੀ ਜਿਗਿਆਸਾ, ਅੱਧ ਕੱਚਾ ਗਿਆਨ,ਛੇੜਛਾੜ ਦੀ ਸਨਸਨੀ ,ਜਿਸਮ ਦੀ ਕੰਪਨ ਤੇ ਮਦਹੋਸ਼ੀ ਉਹਨਾਂ ਨੂੰ ਅੱਗੇ ਹੀ ਅੱਗੇ ਵਧਣ ਲਈ ਮਜਬੂਰ ਕਰਦੀਂ ਰਹੀ। ਔਰਤ ਔਰਤ ਦੇ ਪਿਆਰ ਨੂੰ ਹਲੇ ਕੋਈ ਨਹੀਂ ਸਮਝਦਾ ਸੀ ,ਜੋ ਸੀ ਲੁਕਵਾਂ ਸੀ ਚੁੱਪ ਚੁਪੀਤਾ ਸੀ। ਜਿਵੇਂ ਔਰਤ ਮਰਦ ਦੇ ਇਸ਼ਕ਼ ਨਾਲੋਂ ਵੀ ਵੱਧ ਲੁਕਵਾਂ ਕਿਉਂਕਿ ਇਹਨਾਂ ਮਰਦ ਨਹੀਂ ਹੁੰਦਾ ਸੋ ਮਰਦਾਨਗੀ ਲਈ ਰਿਸ਼ਤੇ ਨੂੰ ਉਡਾਇਆ ਨਹੀਂ ਜਾਂਦਾ ।ਮਰਦ ਉੱਪਰ ਤੇ ਔਰਤ ਥੱਲੇ ਵਾਲਾ ਕੰਮ ਨਹੀਂ ਸਗੋਂ ਬਰਾਬਰੀ ਹੁੰਦੀ ਹੈ।

ਸ਼ੁਭ ਤੇ ਮਨਿੰਦਰ ਦੋਵਾਂ ਦੀ ਉਮਰ ਇੱਕ ਸੀ ਦੋਵੇਂ ਜਜ਼ਬਾਤੀ ਸੀ,ਦੋਵਾਂ ਦੇ ਜਿਸਮ ਖਿੰਡ ਰਹੇ ਸੀ ਮਹਿਕਾਂ ਛੱਡ ਰਹੇ ਸੀ ,ਇਸ ਲਈ ਇੱਕ ਦੂਸਰੇ ਨਾਲ ਕੱਲੇ ਮਿਲਦੇ ਪਲਾਂ ਚ ਉਹ ਇਹ ਪਲ ਲੱਭਦੀਆਂ ਰਹਿੰਦੀਆਂ। ਇਹ ਸਿਲਸਿਲਾ ਚੱਲ ਹੀ ਰਿਹਾ ਸੀ ਕਿ ਇੱਕ ਦਿਨ ਸ਼ੁਭ ਦੀ ਮਾਂ ਨੇ ਦੋਵਾਂ ਨੂੰ ਇੱਕ ਦੂਸਰੇ ਦੀਆਂ ਸਲਵਾਰਾਂ ਚ ਹੱਥ ਪਾਈ ਵੇਖ ਲਿਆ ।ਸ਼ੁਭ ਦੀ ਚੰਗੀ ਝਾੜ ਝੰਬ ਹੋਈ ।ਮੁੜ ਦੋਵਾਂ ਨੂੰ ਕੱਲੇ ਕਿਤੇ ਬੈਠਣ ਤੋਂ ਧਿਆਨ ਰੱਖਿਆ ਜਾਣ ਲੱਗਾ ।ਸਿਰਫ ਮਨਿੰਦਰ ਨਾਲ ਹੀ ਨਹੀਂ ਕਿਸੇ ਵੀ ਹਾਣਦੀ ਕੁੜੀ ਨਾਲ ਬੈਠਣ ਤੋਂ ।

ਮਨਿੰਦਰ ਨਾਲ ਉਹਦੀ ਗੱਲ ਘੱਟਦੀ ਗਈ ਊਸਦੀ ਮਾਂ ਨੇ ਬਹੁਤ ਝਿੜਕਿਆ ਸੀ । ਉਹ ਘਰ ਪਤਾ ਲੱਗ ਜਾਣ ਦੇ ਡਰੋਂ ਉਸ ਕੋਲੋ ਆਉਣੋ ਕਤਰਾਉਣ ਲੱਗੀ ।ਉਸ ਨਾਲ ਬੈਠਣਾ ਘੱਟ ਕਰਨ ਲੱਗੀ ।ਗੱਲ ਦਾ ਕੋਈ ਸਾਧਨ ਨਾ ਮਿਲਣ ਕਰਕੇ ਉਸਨੇ ਇੱਕ ਪੱਤਰ ਲਿਖਿਆ ਤੇ ਇੱਕ ਕਾਪੀ ਚ ਪਾ ਕੇ ਮਨਿੰਦਰ ਨੂੰ ਫੜ੍ਹਾ ਦਿੱਤਾ । ਇਸਤੋਂ ਪਹਿਲ਼ਾਂ ਕਿ ਉਹ ਪੱਤਰ ਪੜ੍ਹਿਆ ਜਾਂਦਾ ਉਹ ਮਨਿੰਦਰ ਦੀ ਮਾਂ ਦੇ ਹੱਥ ਲੱਗ ਗਿਆ । ਪੱਤਰ ਚ ਜਜ਼ਬਾਤੀ ਆਪਣੀ ਨਿੱਜੀ ਪਲਾਂ ਤੇ ਪਿਆਰ ਦਾ ਇਜ਼ਹਾਰ ਸੀ। ਉਹ ਪੱਤਰ ਦੋਵਾਂ ਦੇ ਰਿਸ਼ਤਿਆਂ ਚ ਆਖਰੀ ਕਿੱਲ ਸਾਬਿਤ ਹੋਇਆ । ਮਨਿੰਦਰ ਦੀ ਮਾਂ ਨੇ ਇੱਕ ਦਿਨ ਉਸਨੂੰ ਬੁਲਾ ਕੇ ਬਹੁਤ ਬੁਰਾ ਭਲਾ ਬੋਲਿਆ ।ਤੇ ਧਮਕੀ ਕਿ ਜੇ ਮੁੜ ਕਦੇ ਉਹਦੇ ਆਸ ਪਾਸ ਦਿਖੀ ਤਾਂ ਸਕੂਲ ਪ੍ਰਿੰਸੀਪਲ ਕੋਲ ਸ਼ਿਕਾਇਤ ਕਰ ਦਵੇਗੀ ।ਘਰ ਵੱਲੋਂ ਪਹਿਲ਼ਾਂ ਹੀ ਪਾਬੰਦੀਆਂ ਝੱਲਦੇ ਹੋਏ,ਉਹ ਦੁਖੀ ਸੀ ਇਸ ਲਈ ਮੁੜ ਉਹ ਮਨਿੰਦਰ ਤੋਂ ਦੂਰ ਹੋ ਗਈ ।

ਪਰ ਉਹ ਹਰ ਵੇਲੇ ਖਿਝੀ ਖਿਝੀ ਰਹਿੰਦੀ ਸੀ ।ਪੜ੍ਹਾਈ ਚ ਕਦੇ ਮਨ ਨਾ ਲਗਦਾ ,ਜਿਵੇਂ ਪਹਿਲਾ ਇਸ਼ਕ ਟੁੱਟਣ ਨਾਲ ਹਰ ਇੱਕ ਨਾਲ ਹੁੰਦਾ ਹੈ।

ਉਹ ਇਸ ਘੁੱਟਣ ਭਰੇ ਮਾਹੌਲ ਤੋਂ ਬਾਹਰ ਨਿਕਲਣਾ ਚਾਹੁੰਦੀ ਸੀ। ਜਿੱਥੇ ਉਹ ਆਪਣੇ ਆਪ ਨਾਲ ਰਹੀ ਸਕੇ । ਇਸਦਾ ਇੱਕੋ ਹੱਲ ਸੀ ਕਿ ਉਹ ਪੜ੍ਹਾਈ ਕਰਕੇ

ਕਿਸੇ ਵਧੀਆ ਕਰਸ ਚ ਅਡਮਿਸ਼ਨ ਲਵੇ ।

ਉਹ ਪੜ੍ਹਾਈ ਲਈ ਤੇਜ਼ ਹੈ ਸਿਰਫ ਗਲਤ ਸੰਗਤ ਦਾ ਅਸਰ ਹੈ ਉਸਦੀ ਮਾਂ ਵਾਰ ਵਾਰ ਆਖਦੀ ਸੀ।ਉਸਨੇ ਮਿਹਨਤ ਕੀਤੀ ।ਨਾਨ ਮੈਡੀਕਲ ਚੰਗੇ ਨੰਬਰਾਂ ਨਾਲ ਪਾਸ ਕਰਕੇ ਇੰਜੀਨੀਅਰ ਦਾ ਐਂਟਰੇਸ ਦਿੱਤਾ।ਚੰਡੀਗੜ੍ਹ ਇੱਕ ਵਧੀਆ ਕਾਲਜ਼ ਚ ਆਈ ਟੀ ਵਿੱਚ ਬੀ ਟੈੱਕ ਕਰਨ ਲੱਗ ਗਈ।

ਉਹ ਕਾਲਜ਼ ਪਹੁੰਚ ਕੇ ਵੀ ਮਨਿੰਦਰ ਨੂੰ ਨਹੀਂ ਸੀ ਭੁੱਲੀ ,ਪਰ ਮਨਿੰਦਰ ਉਸਨੂੰ ਭੁੱਲ ਗਈ ਸੀ। ਉਸਨੂੰ ਹੌਲੀ ਹੌਲੀ ਕਲਾਸਮੇਟ ਤੋਂ ਪਤਾ ਲੱਗ ਗਿਆ ਸੀ ਕਿ ਪੇਪਰਾਂ ਦੇ ਅਖੀਰ ਤੱਕ ਮਨਿੰਦਰ ਇੱਕ ਬੁਆਏਫਰੈਂਡ ਬਣਾ ਚੁੱਕੀ ਸੀ ਜਿਸ ਕਰਕੇ ਉਹ ਸ਼ੁਭ ਬਾਰੇ ਭੁੱਲਦੇ ਭੁੱਲਦੇ ਭੁੱਲ ਗਈ ਸੀ ।

ਉਦੋਂ ਉਸਦਾ ਪਹਿਲਾ ਸੁਪਨਾ ਟੁੱਟਾ ਸੀ ਕਿਉਂਕਿ ਉਸਨੂੰ ਇੰਝ ਲੱਗਾ ਸੀ ਕਿ ਇਥੋਂ ਨਿੱਕਲ ਕੇ ਉਹ ਤੇ ਮਨਿੰਦਰ ਦੁਬਾਰਾ ਕੱਠੇ ਹੋ ਸਕਦੀਆਂ ਹਨ।ਪਰ ਉਹ ਸੁਪਨਾ ਟੁੱਟ ਗਿਆ ਸੀ। ਇੱਕ ਇਸ਼ਕ ਬਰਾਬਰ ਦਾ ਸੁਪਨਾ ਸੀ ਕਿਉਕਿ ਉਸਨੇ ਸੱਚਮੁੱਚ ਉਦੋਂ ਤੱਕ ਮਨਿੰਦਰ ਤੋ ਅਗਾਂਹ ਨਹੀਂ ਦੇਖਿਆ ਸੀ।ਪਰ ਕਾਲਜ਼ ਹੋਸਟਲ ਵਿੱਚ ਰਹਿੰਦੇ ਹਲੇ ਬਹੁਤ ਕੁਝ ਹੋਣਾ ਸੀ। ਇਹ ਪਹਿਲੀ ਵਾਰ ਦਾ ਟੁੱਟਿਆ ਸੁਪਨਾ ਨਹੀਂ ਸੀ।ਸਮਾਜਿਕ ਸੋਚ ਤੋਂ ਉਲਟਾ ਚੱਲਣ ਲਈ ਬਹੁਤ ਕੁਝ ਭੁਗਤਣਾ ਸੀ ।

#harjotdikalam

ਪਰ ਅਗਲੇ ਚਾਰ ਸਾਲ ਅਲੱਗ ਸੀ,ਕੁੜੀਆਂ ਦੇ ਹੋਸਟਲ ਚ ਰਹਿੰਦੇ ਉਹ ਪਰੀਆਂ ਦੇ ਦੇਸ਼ ਵਰਗਾ ਸੀ ਕੁਝ ਇੱਕ ਚੁੜੇਲਾਂ ਵੀ ਸੀ ਪਰ ਬਾਕੀ ਸਭ ਇੱਕ ਦੂਸਰੇ ਨੂੰ ਸਮਝਣ ਵਾਲੀਆਂ ਸੀ। ਘਰ ਵਾਂਗ ਹਰ ਵੇਲੇ ਕੱਪੜਿਆਂ ਦਾ ਧਿਆਨ ,ਚੁੰਨੀ ਦਾ ਧਿਆਨ ਤੇ ਹੋਰ ਕਿੰਨਾ ਹੀ ਕੁਝ ਨਹੀਂ ਰੱਖਣਾ ਪੈਂਦਾ ਸੀ। ਇਹ ਚਾਰ ਸਾਲ ਸਵਰਗ ਵਰਗੇ ਸਨ ।ਇੱਕ ਕੁੜੀਆਂ ਦੇ ਬੁਆਏਫ੍ਰੈਂਡ ਰੱਖਣ ਤੋਂ ਬਿਨਾਂ ਉਸਨੂੰ ਕੋਈ ਪ੍ਰਾਬਲਮ ਨਹੀਂ ਸੀ ।ਸੋਹਣੀ ਸੁਨੱਖੀ ਹੋਣ ਦੇ ਬਾਵਜੂਦ ਬੁਆਏਫ੍ਰੈਂਡ ਨਾ ਹੋਣਾ ਬਹੁਤ ਕੁੜੀਆ

ਲਈ ਅਸਚਰਜ ਹੁੰਦਾ ਸੀ ....ਪਰ ਸ਼ੁਭ ਨੂੰ ਕਦੇ ਕੋਈ ਮੁੰਡਾ ਭਾਇਆ ਹੀ ਨਹ ...
। ਪਹਿਲ਼ਾਂ ਉਸਨੂੰ ਲੱਗਾ ਕਿ ਜੇ ਸਭ ਨੂੰ ਮੁੰਡੇ ਪਸੰਦ ਹਨ ਹੀ ਫਿਰ ਕਿਤੇ ਉਸਨੂੰ ਹ। ਕੋਈ ਬਿਮਾਰੀ ਤਾਂ ਨਹੀਂ । ਪਰ ਉਦੋਂ ਉਸ ਕੋਲ ਇੰਟਰਨੈੱਟ ਉਸ ਕੋਲ ਆ ਚੁੱਕਾ ਸੀ । ਉਸਨੂੰ ਸਮਝ ਲੱਗ ਗਈ ਕਿ ਉਹ ਇੱਕਲ਼ੀ ਨਹੀਂ ਸਗੋਂ ਉਸ ਵਰਗੇ ਹੋਰ ਵੀ ਬਹੁਤ ਹਨ। ਬੱਸ ਉਸਨੂੰ ਉਸ ਵਰਗੀ ਕਿਸੇ ਇੱਕ ਦੀ ਲੋੜ ਸੀ।ਆਪਣੇ ਬਾਰੇ ਲੱਗੇ ਭੁਲੇਖੇ ਦੇ ਦੂਰ ਹੋ ਜਾਣ ਮਗਰੋਂ ਸ਼ੁਭ ਨੂੰ ਸੁੱਖ ਦਾ ਸਾਹ ਆਇਆ।ਉਸਨੂੰ ਇਹ ਵੀ ਪਤਾ ਲੱਗ ਗਿਆ ਸੀ ਬਹੁਤ ਸਾਰੇ ਯੂਰਪੀ ਤੇ ਅਮਰੀਕੀ ਦੇਸ਼ਾਂ ਵਿੱਚ ਇੱਕੋ ਜੈਂਡਰ ਦੇ ਲੋਕਾਂ ਦੇ ਪਿਆਰ ਨੂੰ ਮਾਨਤਾ ਵੀ ਹੈ ਤੇ ਵਿਆਹ ਦੀ ਵੀ ਮਾਨਤਾ ਹੈ। ਪਰ ਇੰਡੀਆ ਵਿੱਚ ਇਸ ਦੀ ਮਾਨਤਾ ਨਹੀਂ ਹੈ (2019 ਤੋਂ ਪਹਿਲਾਂ ਦੀ ਗੱਲ). ਇੰਟਰਨੈੱਟ ਤੱਕ ਉਸਦੀ ਪਹੁੰਚ ਹਲੇ ਕਾਲਜ ਦੇ ਕੰਪਿਊਟਰ ਤੇ ਕੈਫ਼ੇ ਤੱਕ ਹੀ ਸੀ। ਉਸਦਾ ਮੋਬਾਈਲ ਸਮਾਰਟ ਫੋਨ ਨਹੀਂ ਸੀ ਤੇ ਲੈਪਟਾਪ ਤੇ ਇੰਟਰਨੈੱਟ ਬਹੁਤ ਮਹਿੰਗਾ। ਉਹ ਇਹ ਵੀ ਜਾਣ ਚੁੱਕੀ ਸੀ ਕਿ ਮਰਦ ਔਰਤ ਦੀਆਂ ਵੀਡੀਓ ਤਰ੍ਹਾਂ ਔਰਤ ਔਰਤ ਦੀਆਂ ਵੀਡੀਓਜ਼ ਵੀ ਹੁੰਦੀਆਂ ਹਨ। ਕਿਸੇ ਦੁਕਾਨਦਾਰ ਤੋਂ ਮੰਗਣ ਦੀ ਉਸ ਵਿੱਚ ਹਿੰਮਤ ਨਹੀਂ ਸੀ।ਬਾਕੀ ਕੁੜੀਆਂ ਆਪਣੇ ਕੋਲ ਪੋਰਨ ਦੀ ਪਹੁੰਚ ਸੀ ਬੁਆਏਫ੍ਰੈਂਡ ਰਾਹੀਂ ਜੋ ਉਹ ਉਹਨੂੰ ਦੇਖਣ ਲਈ ਆਖਦੀਆਂ ਪਰ ਉਸਦਾ ਕਦੇ ਵੀ ਦਿਲ ਨਾ ਕਰਦਾ ਦੇਖ ਕੇ ਹੀ ਕਚਿਆਈ ਮਹਿਸੂਸ ਹੁੰਦੀ ।ਇੰਟਰਨੈੱਟ ਤੇ ਉਹ ਲੈਸਬੀਅਨ ਬਾਰੇ ਹੀ ਡਰ ਡਰ ਸਰਚ ਕਰਦੀ ਸੀ ।

ਪਰ ਫਿਰ ਵੀ ਉਹ ਖੁਸ਼ ਸੀ ,ਉਸਨੂੰ ਕਈ ਕੁੜੀਆਂ ਦੀ ਦੋਸਤੀ ਮਿਲੀ। ਜਿਹਨਾਂ ਨਾਲ ਵਕਤ ਕੱਢਣਾ ਉਸਨੂੰ ਚੰਗਾ ਲਗਦਾ ਸੀ। ਇਸ ਲਈ ਉਹ ਘਰ ਘੱਟ ਹੀ ਜਾਂਦੀ ਸੀ ।

ਪਰ ਉਸਦਾ ਇੱਕ ਕਜਨ ਚੰਡੀਗੜ੍ਹ ਹੀ ਰਹਿੰਦਾ ਸੀ ਜਿਸ ਕੋਲ ਉਹ ਕਦੇ ਕਦੇ ਚਲੇ ਜਾਂਦੀ ਸੀ , ਕੁਝ ਸਮਾਂ ਪਹਿਲਾਂ ਹੀ ਉਸਦਾ ਵਿਆਹ ਹੋਇਆ ਸੀ। ਉਂਝ ਵੀ ਘਰ ਤੋਂ

ਤਕੜਾ ਸੀ ਤੇ ਇਥੇ ਵੀ ਵਧੀਆ ਜੌਬ ਕਰਦਾ ਸੀ।

ਦੋਂਵੇਂ ਹੀ ਮੀਆਂ ਬੀਬੀ ਨੇ ਕੰਪਿਊਟਰ ਦੀਆਂ ਡਿਗਰੀਆਂ ਕਰ ਰੱਖੀਆਂ ਸੀ। ਕੁਝ ਨਾ ਕੁਝ ਸਮਝਣ ਲਈ ਉਹ ਪੇਪਰਾਂ ਦੇ ਆਸ ਪਾਸ ਉਹਨਾਂ ਕੋਲ ਹੀ ਚਲੇ ਜਾਂਦੀ ਸੀ।ਨਣਦ-ਭਰਜਾਈ ਦਾ ਰਿਸ਼ਤਾ ਹੋਣ ਕਰਕੇ ਹਾਸਾ ਮਜ਼ਾਕ ਤਾਂ ਸੀ।ਰਾਜ਼ਦਾਰ ਹੋਣ ਵਿੱਚ ਵੀ ਸਮਾਂ ਨਾ ਲੱਗਾ।ਭਾਬੀ ਦੇ ਬੁਆਏਫਰੈਂਡ ਨਾ ਹੋਣ ਦੇ ਸਵਾਲ ਨੇ ਉਸਨੂੰ ਪ੍ਰੇਸ਼ਾਨ ਕਰ ਰੱਖਿਆ ਸੀ। ਕਿੰਨੀ ਹੀ ਵਾਰ ਉਸਨੇ ਕਿਹਾ ਕਿ ਉਸਨੂੰ ਕੋਈ ਵਧੀਆ ਮੁੰਡਾ ਮਿਲਿਆ ਹੀ ਨਹੀਂ। ਪਰ ਚੰਡੀਗੜ੍ਹ ਵਰਗੇ ਸ਼ਹਿਰ ਚ ਸੋਹਣੇ ਤੇ ਚੰਗੇ ਮੁੰਡਿਆਂ ਦਾ ਕੋਈ ਕਾਲ ਨਹੀਂ ਸੀ ਪਿਆ ਹੋਇਆ ।ਮਨਜੋਤ ਨੂੰ ਲੱਗਾ ਗੱਲ ਕੁਝ ਹੋਰ ਹੈ ।

” ਕਿਤੇ ਬਚਪਨ ਚ ਕਿਸੇ ਬੰਦੇ ਦੀ ਗ਼ਲਤ ਹਰਕਤ ਕਰਕੇ ਮੁੰਡਿਆਂ ਤੋਂ ਡਰ ਤਾਂ ਨਹੀਂ ਲਗਦਾ ?”

ਸ਼ੁਭ ਨੇ ਉਸਦੀਆਂ ਅੱਖਾਂ ਵੱਲ ਦੇਖਿਆ। ਪੂਰਾ ਬਚਪਨ ਅੱਖਾਂ ਸਾਹਮਣੇ ਆ ਗਿਆ ।ਰੱਬ ਦਾ ਸ਼ੁਕਰ ਸੀ ਕਿ ਉਸਦੇ ਘਰਦਿਆਂ ਨੇ ਹਮੇਸ਼ਾਂ ਇਸ ਪਾਸੇ ਤੋਂ ਬਚਾ ਕੇ ਰੱਖਿਆ ਸੀ।

“ਨਹੀਂ,ਮੈਨੂੰ ਮੁੰਡਿਆਂ ਚ ਕੋਈ ਇੰਟਰਸਟ ਨਹੀਂ,ਮੈਨੂੰ ....ਮੈਨੂੰ.... ਕੁੜੀਆਂ ਪਸੰਦ ਹਨ,ਮੈਨੂੰ ਲਗਦਾ ਮੈਂ ਲੈਸਬੀਅਨ ਹਾਂ।”ਸ਼ੁਭ ਨੇ ਪਹਿਲੀ ਵਾਰ ਕਿਸੇ ਅੱਗੇ ਇਕਰਾਰ ਕੀਤਾ ਸੀ। ਸ਼ਾਇਦ ਇਸ ਲਈ ਕਿ ਉਸਨੂੰ ਲਗਦਾ ਸੀ ਕਿ ਮਨਜੋਤ ਉਸਨੂੰ ਸਮਝ ਸਕਦੀ ਹੈ।ਪਤਾ ਨਹੀਂ ਉਸਦੀਆਂ ਅੱਖਾਂ ਚ ਹਮੇਸ਼ਾਂ ਉਸਨੂੰ ਅਲੱਗ ਦਿਸਿਆ ਸੀ ਉਸ ਲਈ ਪਰ ਐਨਾ ਵਿਸ਼ਵਾਸ ਨਹੀਂ ਸੀ ਕਦੇ ਕੁਝ ਪੁੱਛ ਸਕੇ ।

ਮਨਜੋਤ ਦੀਆਂ ਅੱਖਾਂ ਖੁੱਲ੍ਹੀਆਂ ਰਹਿ ਗਈਆਂ ਸੀ। ਪਹਿਲੀ ਵਾਰ ਉਸਨੇ ਕਿਸੇ ਕੁੜੀ ਚ ਐਨਾ ਆਤਮ ਵਿਸ਼ਵਾਸ ਵੇਖਿਆ ਸੀ।

“ਤੈਨੂੰ ਪਤਾ ਵੀ ਹੈ ਕਿ ਲੈਸਬੀਅਨ ਪਿਆਰ ਕਿਵੇਂ ਕਰਦੀਆਂ ਹਨ ?”

ਮਨਜੋਤ ਨੇ ਫਿਰ ਪੁੱਛਿਆ।

ਸ਼ੁਭ ਨੇ ਹਾਂ ਚ ਉੱਤਰ ਦਿੱਤਾ ਤੇ ਆਪਣੇ ਤੇ ਮਨਿੰਦਰ ਦੇ ਇੱਕ ਇੱਕ ਪਲ ਨੂੰ ਉਸ ਅੱਗੇ ਫਰੋਲ ਕੇ ਸੁੱਟ ਦਿੱਤਾ । ਪਲ ਤਾਂ ਬੇਹੱਦ ਰੰਗੀਨ ਸੀ ਪਰ ਟੁੱਟਣ ਦਾ ਦੁੱਖ ਉਸ ਤੋਂ ਕਿਤੇ ਵੱਧ ਸੀ। ਜੋ ਕੁਝ ਜਿਸਮ ਚ ਉਤੇਜਨਾ ਉਹਨਾਂ ਪਲਾਂ ਦੀ ਰੰਗੀਨੀ ਨੇ ਭਰੀ ਸੀ ਉਹੋ ਵਿਛੋੜੇ ਦੇ ਦੁੱਖ ਨੇ ਸਾੜ ਸੁੱਟੀ ਸੀ।

"ਅੱਛਾ ਜੋ ਤੁਸੀਂ ਕੀਤਾ ਉਹ ਤਾਂ ਕੁਝ ਵੀ ਨਹੀਂ ਹੈ,ਮੈਂ ਤੈਨੂੰ ਦਿਖਾਉਂਦੀ ਹਾਂ".ਆਖ ਕੇ ਉਸਨੇ ਡੀਵੀਡੀ ਚ ਇੱਕ ਕਸੀਟ ਲਗਾ ਕੇ ਚਲਾ ਦਿੱਤੀ।

ਇਹ ਉਸਦੀ ਜਿੰਦਗ਼ੀ ਦਾ ਪਹਿਲਾ ਔਰਤ ਔਰਤ ਦਾ ਵੀਡੀਓ ਸੀ।

"ਤੁਸੀਂ ਇਹ ਕਿਥੋਂ ਲੈ ਕੇ ਆਉਂਦੇ ਹੋ "ਉਸਦਾ ਪਹਿਲਾ ਸਵਾਲ ਇਹੋ ਸੀ।

"ਮੈਂ ਦੀਪ ਨੂੰ ਕਿਹਾ ਹੋਇਆ ਕਿ ਮੈਨੂੰ ਇਹ ਪਸੰਦ ਹੈ ,ਤੇ ਮੇਰੇ ਰਿਸਪਾਂਸ ਲਈ ਉਹ ਮੇਰੀ ਹਰ ਇੱਛਾ ਪੂਰੀ ਕਰਦਾ ਹੈ ".ਮਨਜੋਤ ਨੇ ਕਿਹਾ।

"ਪਰ ਤੁਹਾਨੂੰ ਕਿਉਂ ਪਸੰਦ ਹੈ" ਸ਼ੁਭ ਦਾ ਅਗਲਾ ਸਵਾਲ ਸੀ।

ਇਸਦੇ ਜਵਾਬ ਵਿੱਚ ਮਨਜੋਤ ਨੇ ਉਸ ਵੱਲ ਅੱਖਾਂ ਭਰਕੇ ਵੇਖਿਆ ਜਿਵੇਂ ਉਸਨੂੰ ਕਹਿ ਰਹੀ ਹੋਵੇ ਤੂੰ ਅਜੇ ਵੀ ਨਹੀਂ ਸਮਝੀ ?

"ਆਈ ਐਮ ਆ ਬਾਈਸੈਕਸੁਅਲ "ਆਖਕੇ ਉਸਨੇ ਸ਼ੁਭ ਨੂੰ ਆਪਣੀਆਂ ਬਾਹਾਂ ਵਿੱਚ ਭਰ ਲਿਆ। ਸਕਰੀਨ ਤੇ ਚਲਦੇ ਦ੍ਰਿਸ਼ਾਂ ਨੇ ਸ਼ੁਭ ਨੂੰ ਪਹਿਲਾਂ ਹੀ ਬੇਕਾਬੂ ਕੀਤਾ ਹੋਇਆ ਸੀ ।

ਮਨਜੋਤ ਦੇ ਬੁੱਲ੍ਹਾ ਦੀ ਪਕੜ ਚ ਨਸ਼ਾ ਵੀ ਅਜੀਬ ਸੀ।ਜਿਸ ਵਿੱਚ ਕਿਸੇ ਹੰਢੇ ਹੋਏ ਖਿਡਾਰੀ ਦਾ ਤਜ਼ਰਬਾ ਸੀ। ਦੋਵਾਂ ਦੇ ਕੱਪੜੇ ਉੱਤਰਦੇ ਵਕਤ ਨਾ ਲੱਗਾ। ਮਨਜੋਤ ਦੇ ਸਾਹਮਣੇ ਸ਼ੁਭ ਦਾ ਸ਼ਰੀਰ ਉਸ ਵੇਲੇ ਅੱਧਾ ਹੀ ਸੀ ਪਰ ਉਸਦੇ ਅਧਪੱਕੇ ਜਿਸਮ ਨੂੰ ਮਾਣਨ ਦਾ ਜੋ ਸੁਆਦ ਮਨਜੋਤ ਨੂੰ ਆ ਰਿਹਾ ਸੀ ਉਹ ਅਲਹਿਦਾ ਸੀ। ਉਸਨੂੰ ਆਪਣੇ ਪਹਿਲੇ ਅਨੁਭਵ ਵਰਗਾ ਸਭ ਲੱਗ ਰਿਹਾ ਸੀ। ਫ਼ਰਕ ਐਨਾ ਸੀ ਕਿ ਹੁਣ

ਉਹ ਔਰਤ ਦੇ ਜਿਸਮ ਦੇ ਹਰ ਹਿੱਸੇ ਦੀ ਲੋੜ ਨੂੰ ਸਮਝਦੀ ਸੀ।ਆਪਣੇ ਸਾਰੇ ਅਨੁਭਵਾਂ ਨੂੰ ਉਹ ਸ਼ੁਭ ਉੱਪਰ ਅਜ਼ਮਾ ਰਹੀ ਸੀ।ਸ਼ੁਭ ਆਪੋ ਚ ਸੁੰਗੜੀ ਹੋਈ ਸਿਰਫ ਮਹਿਸੂਸ ਨਹੀਂ ਸੀ ਕਰ ਰਹੀ ਸਗੋਂ ਇੱਕ ਇੱਕ ਕਦਮ ਨੂੰ ਜਿਵੇਂ ਹਮੇਸ਼ਾਂ ਲਈ ਯਾਦ ਕਰ ਰਹੀ ਹੋਵੇ। ਉਸਦੇ ਹੱਥ ਮਨਜੋਤ ਦੇ ਨਰਮ ਮਾਸ ਨੂੰ ਛੱਡਣਾ ਨਹੀਂ ਸੀ ਚਾਹੁੰਦੇ ਜਿਸ ਨੂੰ ਵੇਖਕੇ ਕਿੰਨੀ ਹੀ ਵਾਰ ਉਸਦਾ ਦਿਲ ਮਚਲਿਆ ਸੀ।ਮਨਜੋਤ ਦੇ ਬੁੱਲਾਂ ਨੇ ਉਸਦੇ ਜਿਸਮ ਦੇ ਹਰ ਹਿੱਸੇ ਤੇ ਅਸਰ ਵਿਖਾਇਆ ਸੀ।ਉਸਨੂੰ ਕੋਈ ਕਾਹਲ ਨਹੀਂ ਸੀ ਕੋਈ ਡਰ ਨਹੀਂ ਸੀ। ਸ਼ਾਇਦ ਹੀ ਕੋਈ ਐਸਾ ਹਿੱਸਾ ਸੀ ਜਿਸਨੂੰ ਉਸਦੀ ਜੀਭ ਨੇ ਨਾ ਛੋਹਿਆ ਹੋਏ। ਗਰਦਨ ਤੋਂ ਸੀਨੇ ਤੇ ਸੀਨੇ ਤੋਂ ਪੇਟ ਤੇ ਹੱਥਾਂ ਦੀਆਂ ਉਂਗਲਾ ਗਰਮ ਸਾਹ ਫੈਲਦੇ ਚਲੇ ਗਏ। ਪੱਟ ਆਪਸ ਚ ਖਹਿ ਰਹੇ ਸੀ। ਉਂਗਲਾਂ ਜਿਵੇਂ ਕਿਸੇ ਲਾਵੇ ਨੂੰ ਛੋਹ ਰਹੀਆਂ ਹੋਣ ।ਟੀਵੀ ਉੱਤੇ ਚਲਦੇ ਦ੍ਰਿਸ਼ ਹੀ ਬੈੱਡ ਤੇ ਸਾਕਾਰ ਹੋ ਗਏ ਸੀ। ਸ਼ੁਭ ਨੂੰ ਮਨਜੋਤ ਨੇ ਉਹ ਕੁਝ ਸਿਖਾਇਆ ਜੋ ਉਸਨੇ ਕਦੇ ਸੋਚਿਆ ਵੀ ਨਹੀਂ ਸੀ । ਬੀਤ ਰਹੇ ਹਰ ਪਲ ਨਾਲ ਦੋਵਾਂ ਦੇ ਸਾਹ ਕਿਸੇ ਹੋਰ ਹੀ ਲੈਵਲ ਤੇ ਸੀ ਜਦੋਂ ਤੱਕ ਕਿ ਥੱਕ ਕੇ ਦੋਂਵੇਂ ਇੱਕ ਦੂਸਰੇ ਨਾਲ ਲਿਪਟ ਨਾ ਗਈਆਂ। ਹੁਣ ਤਾਂ ਇੱਕ ਦੂਸਰੇ ਬਿਨ੍ਹਾਂ ਪਲ ਮਸਾਂ ਹੀ ਨਿੱਕਲਦੇ ਸੀ।ਪਰ ਬੜੀ ਛੇਤੀ ਇਹ ਸਭ ਮੁੱਕਣ ਵਾਲਾ ਸੀ। ਮਨਜੋਤ ਤੇ ਦੀਪ ਨੇ ਯੂ ਐੱਸ ਏ ਦੇ ਗ੍ਰੀਨ ਕਾਰਡ ਲਈ ਅਪਲਾਈ ਕਰ ਰੱਖਿਆ ਸੀ। ਇਸ ਲਈ ਛੇ ਕੁ ਮਹੀਨੇ ਵਿੱਚ ਹੀ ਇਹ ਸਿਲਸਿਲਾ ਖਤਮ ਹੋਣ ਦੇ ਕੰਢੇ ਸੀ। ਇੱਕ ਵਾਰ ਫਿਰ ਤੋਂ ਮਨ ਤਨ ਦੇ ਸਾਥੀ ਦੇ ਛੁੱਟਣ ਦਾ ਦਰਦ ਸ਼ੁਭ ਨੂੰ ਸੀ। ਪਰ ਉਹ ਇਹ ਵੀ ਸਮਝਦੀ ਸੀ ਕਿ ਉਹ ਵਿਆਹੀ ਹੈ ਅੱਜ ਨਹੀਂ ਤਾਂ ਕੱਲ੍ਹ ਉਸਨੂੰ ਛੱਡਣਾ ਹੀ ਪੈਣਾ ਸੀ। ਪਰ ਇਹ ਦੁੱਖ ਕਈ ਮਹੀਨੇ ਉਸ ਨਾਲ ਰਿਹਾ। ਪਰ ਮਨਜੋਤ ਨੇ ਉਸ ਲਈ ਕਿੰਨਾ ਕੁਝ ਕੀਤਾ ਸੀ,ਜਾਂਦੇ ਹੋਏ ਆਪਣੀਆਂ ਸਭ ਡੀਵੀਡੀ ਉਸਨੂੰ ਦੇ ਗਈ ਸੀ। ਉਸਨੂੰ ਸਮਾਰਟ ਫੋਨ ਗਿਫ਼ਟ ਕੀਤਾ । ਜਿਸ ਉੱਪਰ ਪਹਿਲੀ ਵਾਰ ਉਸਨੇ ਫੇਸਬੁੱਕ ਚਲਾਈ । ਤੇ ਅਮਰੀਕਾ ਜਾ ਕੇ

ਵੀ ਹਮੇਸ਼ਾ ਉਸ ਲਈ ਟਾਇਮ ਕੱਢ ਕੇ ਗੱਲ ਕਰਦਾ । ਗੱਲਾਂ ਬਸ ਪਿਆਰ ਦੀਆਂ ਹੁੰਦੀਆਂ ਜਾਂ ਵਿਛੋੜੇ ਦੀਆਂ। ਉਸ ਨਾਲ ਗੱਲਾਂ ਕਰਦੇ ਕਰਦੇ ਸਭ ਕਰਨਾ ਵੀ ਉਸ ਨੇ ਸਿੱਖ ਲਿਆ ਸੀ ।

ਪਰ ਹੌਲੀ ਹੌਲੀ ਮਨਜੋਤ ਬਦਲ ਗਈ (ਕਿਉ ਤੇ ਕਿਵੇ ਇਹ ਆਪਾਂ ਇੱਕ ਬਾਈਸੈਕਸੂਅਲ ਬਾਰੇ ਅਲੱਗ ਕਹਾਣੀ ਵਿੱਚ ਪੜ੍ਹਾਂਗੇ)।

ਫਿਰ ਤੋਂ ਉਸਦੀਆਂ ਰਾਤਾਂ ਜਾਂ ਤਾਂ ਮਨਜੋਤ ਨਾਲ ਗੱਲ ਕਰਨ ਦੇ ਇੰਤਜ਼ਾਰ ਵਿੱਚ ਨਿਕਲਦੀਆਂ ਜਾਂ ਰੋ ਕੇ। ਇਹ ਅਜਿਹਾ ਇਸ਼ਕ ਸੀ ਜਿਸ ਨੂੰ ਕਿਸੇ ਨਾਲ ਸਾਂਝਾ ਵੀ ਨਹੀਂ ਸੀ ਕੀਤਾ ਜਾ ਸਕਦਾ । ਰੋ ਕੇ ਖੁਦ ਹੀ ਚੁੱਪ ਕਰਨਾ ਪੈਂਦਾ ਸੀ। ਕਾਲਜ਼ ਦੇ ਦੋ ਸਾਲ ਇਸੇ ਸਭ ਚ ਨਿੱਕਲੇ ਜਿੱਥੇ ਉਦਾਸੀ ਰੋਣ ਧੋਣ ਤੋਂ ਬਿਨਾਂ ਕੱਲੇਪਨ ਚ ਕੁਝ ਨਹੀਂ ਸੀ। ਜਾ ਫਿਰ ਹੁਣ ਸਮਾਰਟ ਫੋਨ ਦਾ ਸਹਾਰਾ ਸੀ ਜਾਂ ਮਨਜੋਤ ਦੀਆਂ ਡੀਵੀਡੀਜ ਦਾ ।

ਜਿਉਂ ਜਿਉਂ ਉਸ ਕੋਲ ਇੰਟਰਨੈੱਟ ਦੀ ਸਪੀਡ ਵਧੀ ਉਸਨੇ ਡਿਵੀਡੀਜ਼ ਨੂੰ ਕੂੜੇ ਦੇ ਢੇਰ ਚ ਸੁੱਟ ਕੇ ਮਨਜੋਤ ਦੀਆਂ ਯਾਦਾਂ ਤੋਂ ਖਹਿੜਾ ਛੁਡਾ ਲਿਆ।

ਫਿਰ ਘਰੋਂ ਜਿੱਦ ਕਰਕੇ ਨਵਾਂ ਸਮਾਰਟ ਫੋਨ ਵੀ ਲੈ ਲਿਆ ।ਪਰ ਮਨ ਤੇ ਤਨ ਦੀ ਨੂੰ ਯਾਦਾਂ ਨੂੰ ਖ਼ਤਮ ਕਰਨ ਲਈ ਕਿਸੇ ਨਵੇਂ ਸਾਥੀ ਦੀ ਲੋੜ ਸੀ।

ਜੋ ਛੇਤੀ ਹੀ ਉਸਨੂੰ ਨੂੰ ਮਿਲਣ ਵਾਲਾ ਸੀ।

ਜਦੋਂ ਕਾਲਜ਼ ਵਿੱਚ ਨਵੀ ਕਲਾਸ ਆਉਂਦੀ ਸੀ ਤਾਂ ਬਹੁਤ ਹੀ ਘਟੀਆ ਦਰਜ਼ੇ ਦੀ ਰੈਗਿੰਗ ਹੁੰਦੀ ਸੀ। ਸ਼ੁਭ ਨੇ ਖੁਦ ਇਸ ਰੈਗਿੰਗ ਤੋਂ ਬਚ ਗਈ ਸੀ ਕਿਉਂਕਿ ਪਰਿਵਾਰ ਵੱਲੋਂ ਕੋਈ ਜਾਣ ਪਛਾਣ ਸੀ। ਨਵੇਂ ਸਾਲ ਚ ਦਾਖਿਲ ਹੋਈਆਂ ਕੁੜੀਆਂ ਨੂੰ ਆਮ ਕਰਕੇ ਰਾਤੀਂ ਖਾਣੇ ਮਗਰੋਂ ਘੇਰ ਲਿਆ ਜਾਂਦਾ ਸੀ। ਪੁਰਾਣੀਆਂ ਕੁੜੀਆਂ ਖ਼ਾਸ ਕਰਕੇ ਜਿਹੜੀਆਂ ਖੁਦ ਰੈਗਿੰਗ ਦਾ ਸ਼ਿਕਾਰ ਹੋਈਆਂ ਹੁੰਦੀਆਂ ਇਸਨੂੰ ਬਦਲੇ

ਤੇ ਟਰੇਡੀਸ਼ਨ ਵਾਂਗ ਅੱਗੇ ਵਧਾਉਂਦੀਆਂ। ਨਵੀਆਂ ਕੁੜੀਆਂ ਦੇ ਕੱਪੜੇ ਉਤਰਵਾ ਜਾਂਦੇ ,ਉਹਨਾਂ ਦੇ ਅੰਗਾਂ ਦਾ ਮੇਚਾ ਲਿਆ ਜਾਂਦਾ ਸਰੀਰ ਤੇ ਜ਼ਰਾ ਵੀ ਵਾਲ ਦਿਸਣ ਤੇ "ਪੇਂਡੂ ਤੇ ਗੰਦੀਆਂ ਗੰਦੀਆਂ ਗੱਲਾਂ ਫਿਕਰੇ ਬੋਲੇ ਜਾਂਦੇ ,ਅੰਗਾਂ ਨਾਲ ਛੇੜਛਾੜ ਹੁੰਦੀ ,ਨੰਗਿਆਂ ਤੁਰਨ ਲਈ ਕਿਹਾ ਜਾਂਦਾ ਇਥੋਂ ਤੱਕ ਕਿ ਨਾਲ ਦੀ ਕੁੜੀ ਨੂੰ ਕਿਸ ਕਰਨ ਤੱਕ ਗੱਲ ਪਹੁੰਚ ਜਾਂਦੀ ". ਕਈ ਕੁੜੀਆਂ ਹੱਥ ਪੈਰ ਜੋੜਦੀਆਂ ਮਨਾ ਕਰਦੀਆਂ ਤਾਂ ਉਹਨਾਂ ਨਾਲ ਧੱਕੇਸ਼ਾਹੀ ਵੀ ਹੁੰਦੀ। ਉਹਨਾਂ ਦੇ ਬੁਆਏਫ੍ਰੈਂਡ ਹੋਣ ਨਾ ਹੋਣ ਬਾਰੇ ਵਰਜਨੀਟੀ ਬਾਰੇ ਸੈਕਸ ਬਾਰੇ ਸਭ ਕੁਝ ਬੋਲਿਆ ਜਾਂਦਾ। ਸ਼ੁਭ ਨੂੰ ਇਹ ਕਦੇ ਵੀ ਚੰਗਾ ਨਹੀਂ ਸੀ ਲਗਦਾ ,ਭਲਾਂ ਕਿਸੇ ਦੀ ਨਿੱਜੀ ਪੱਧਰ ਤੱਕ ਜ਼ਲੀਲ ਕਰਨਾ ਕਿਥੋਂ ਤੱਕ ਜਾਇਜ਼ ਹੈ ?ਇਸ ਲਈ ਉਹ ਕਦੇ ਵੀ ਕਿਸੇ ਅਜਿਹੇ ਕੰਮ ਚ ਸ਼ਾਮਿਲ ਨਹੀਂ ਸੀ ਹੋਈ ਸਗੋਂ ਹੋਰਾਂ ਨੂੰ ਵੀ ਰੋਕਦੀ ਸੀ। ਜਿਉਂ ਜਿਉਂ ਉਹ ਜੂਨੀਅਰ ਤੋਂ ਸੀਨੀਅਰ ਹੋਈ। ਇੱਕ ਦਿਨ ਰਾਤੀਂ ਜਦੋਂ ਨਵਾਂ ਸੈਸ਼ਨ ਸ਼ੁਰੂ ਹੋਇਆ ਤਾਂ ਕਾਮਨ ਰੂਮ ਚ ਅਚਾਨਕ ਗਹਿਮਾ ਗਹਿਮੀ ਵੱਧ ਗਈ ਸੀ। ਉਸਨੇ ਅੱਗੇ ਹੋ ਕੇ ਵੇਖਿਆ। ਤਾਂ ਇੱਕ ਕੁੜੀ ਨੂੰ ਕੁਝ ਸੀਨੀਅਰ ਕੁੜੀਆਂ ਘੇਰੀ ਖੜੀਆਂ ਸੀ ,ਕੁੜੀ ਵੇਖਣ ਨੂੰ ਬੇਹੱਦ ਸ਼ਰਮਾਕਲ ਲੱਗ ਰਹੀ ਸੀ। ਗਰਮ ਮੌਸਮ ਚ ਤੇ ਕੁੜੀਆਂ ਦੇ ਹੋਸਟਲ ਚ ਰਹਿਣ ਦੇ ਬਾਵਜੂਦ ਉਸਨੇ ਆਪਣੇ ਸਰੀਰ ਲਈ ਪੂਰੇ ਢਕਵੇਂ ਕੱਪੜੇ ਪਾਏ ਹੋਏ ਸੀ।

ਉਸਦਾ ਮਸੂਮਾਂ ਵਰਗਾ ਚਿਹਰਾ ਸੀ। ਗੋਰਾ ਚਿੱਟਾ ਰੰਗ ਜਿਸ ਵਿੱਚ ਥੋੜਾ ਗੁਲਾਲ ਮਿਲਾ ਦਿੱਤਾ ਹੋਏ ਇੰਝ ਦਾ ਰੂਪ ਸੀ। ਖੁੱਲ੍ਹੇ ਕਪੜੇ ਜੋ ਉਸਦੇ ਜਿਸਮ ਦੀ ਬਨਾਵਟ ਦਾ ਅੰਦਾਜ਼ਾ ਨਹੀਂ ਲਗਾਉਣ ਦਿੰਦੇ ਸੀ। ਪਤਾ ਨਹੀਂ ਕਿੰਨੇ ਘੁਟਵੇਂ ਮਾਹੌਲ ਵਿਚ ਪਲੀ ਸੀ ਕਿ ਕੁੜੀਆਂ ਸਾਹਮਣੇ ਵੀ ਜਿਸਮ ਦੇ ਕਿਸੇ ਹਿੱਸੇ ਤੋਂ ਮਾਸ ਦੇ ਦਿਸਣ ਤੋਂ ਵੀ ਡਰਦੀ ਸੀ। ਨਹੀਂ ਤਾਂ ਇਸ ਵੇਲੇ ਕੁੜੀਆਂ ਦੇ ਪਿੰਡਿਆਂ ਤੇ ਮਹਿਜ਼ ਐਨੇ ਕੁ ਕੱਪੜੇ ਹੁੰਦੇ ਕਿ ਉਹ ਜਿਸਮ ਨੂੰ ਢੱਕਦੇ ਨਹੀਂ ਸੀ ਸਗੋਂ ਹੋਰ ਵਿਖਾਉਂਦੇ ਸੀ ,ਉਂਝ ਵੀ ਕੁੜੀਆਂ ਦੇ ਹੋਸਟਲ ਵਿੱਚ ਕਿਸਨੇ ਆਉਣਾ ਹੈ ? ਇਸ ਲਈ ਮਰਦਾਂ ਦੀ ਦਿਮਾਗੀ

ਅਸ਼ਲੀਲਤਾ ਤੋਂ ਹਰ ਦੂਰ ਸਨ। ਇਥੇ ਕਿਸੇ ਨੂੰ ਜਿਸਮ ਅਸ਼ਲੀਲ ਨਹੀਂ ਸੀ ਲਗਦਾ ਸਗੋਂ ਖੂਬਸੂਰਤ ਲਗਦਾ ਹੈ। ਕਾਮੁਕਤਾ ਤੇ ਹਵਸ਼ ਵਿੱਚ ਅਹਿਸਾਸ ਦਾ ਫ਼ਰਕ ਹੁੰਦਾ ਹੈ ਇਵੇਂ ਹੀ ਖੂਬਸੂਰਤੀ ਤੇ ਅਸ਼ਲੀਲਤਾ ਚ ਸਿਰਫ ਨਜ਼ਰੀਏ ਦਾ ਫ਼ਰਕ ਹੈ।
ਅਸ਼ਮਿਤਾ ਨਾਮ ਸੀ ਉਸ ਕੁੜੀ ਦਾ ਜਿਸਨੂੰ ਉਹ ਘੇਰੀ ਖੜੀਆਂ ਸੀ ,ਉਸਨੂੰ ਕੱਪੜੇ ਉਤਾਰਨ ਲਈ ਕਿਹਾ ਜਾ ਰਿਹਾ ਸੀ। ਜਿਵੇਂ ਘੁੱਗੀ ਨੂੰ ਕਾਵਾਂ ਨੇ ਘੇਰਾ ਪਾ ਲਿਆ ਹੋਵੇ ਇੰਝ ਹੀ ਡਰੀ ਦੁੱਬਕੀ ਓਥੋਂ ਜਾਣ ਲਈ ਮਿੰਨਤਾਂ ਕਰ ਰਹੀ ਸੀ। ਇੰਝ ਦੀਆਂ ਮਿੰਨਤਾਂ ਕਿੰਨੀਆਂ ਹੀ ਕੁੜੀਆਂ ਕਰਦੀਆਂ ਸੀ। ਕਿਸੇ ਦੀ ਭੀੜ ਵਿੱਚ ਕੋਈ ਨਹੀਂ ਸੁਣਦਾ। ਜਦੋਂ ਉਹ ਨਾ ਮੰਨੀ ਤਾਂ ਤਾਂ ਇੱਕ ਕੁੜੀ ਨੇ ਖੁਦ ਕੋਲ ਆ ਕੇ ਉਸਦੇ ਕੱਪੜੇ ਜਬਰਦਸ਼ਤੀ ਉਤਾਰਨ ਲੱਗੀ। ਦੋ ਨੇ ਉਸਦੇ ਹੱਥਾਂ ਨੂੰ ਫੜ੍ਹ ਲਿਆ ਪਰ ਉਹ ਪੂਰੇ ਜ਼ੋਰ ਨਾਲ ਛੁੱਟਣ ਦੀ ਕੋਸ਼ਿਸ਼ ਕਰ ਰਹੀ ਸੀ। ਉਸਦੀਆਂ ਅੱਖਾਂ ਚ ਹੰਝੂ ਸੀ। ਸ਼ੁਭ ਕੋਲੋਂ ਇਹ ਵੇਖਿਆ ਨਹੀਂ ਸੀ ਗਿਆ। ਉਹ ਪੂਰੀ ਗਰਜ਼ ਨਾਲ ਬੋਲੀ ," ਇਹਨੂੰ ਛੱਡੋ ,ਦਿਸਦਾ ਨਹੀਂ ਵਿਚਾਰੀ ਰੋ ਰਹੀ ਏ , ਕਿਉਂ ਤੰਗ ਕਰਦੇ ਹੋ ਇਹ ਕਿ ਤਰੀਕਾ ਹੋਇਆ ਰੈਗਿੰਗ ਦਾ ?"ਸ਼ੁਭ ਦੀ ਗੱਲ ਸੁਣਕੇ ਜਿਹਨਾਂ ਨੇ ਹੱਥ ਫੜ੍ਹੇ ਹੋਏ ਸੀ ਉਹ ਤਾਂ ਹਟ ਗਈਆਂ ,ਉਸਦੀਆਂ ਕਲਾਸਮੇਟ ਹੋਣ ਕਰਕੇ ਕਿੰਨੇ ਹੀ ਕੰਮ ਉਸ ਤੱਕ ਹੁੰਦੇ ਸੀ। ਪਰ ਜੋ ਕੁੜੀ ਉਹ ਛੇੜ ਰਹੀ ਸੀ ਉਹ ਨਾ ਹਟੀ। ਸ਼ੁਭ ਫਿਰ ਗਰਜ਼ੀ ," ਤੂੰ ਛੱਡੇਗੀ ਕਿ ਮੈਂ ਵਾਰਡਨ ਮੈਡਮ ਨੂੰ ਸੱਦਾਂ ?"ਕੁੜੀ ਨੂੰ ਵੀ ਛੱਡਣਾ ਪਿਆ ,ਅਸ਼ਮਿਤਾ ਲੱਗਪੱਗ ਕੰਬ ਰਹੀ ਸੀ ਪਰ ਉਸਦੇ ਅੱਖਾਂ ਚ ਹੰਝੂ ਰੁਕ ਗਏ ਸੀ ਤੇ ਉਸਨੇ ਬਹੁਤ ਹੀ ਆਦਰ ਵਾਲੇ ਤਰੀਕੇ ਨਾਲ ਉਸ ਵੱਲ ਦੇਖਿਆ। ਜਾਂਦੇ ਜਾਂਦੇ ਮਹਿਜ਼ ਉਸਦੇ ਮੂੰਹੋ ਐਨਾ ਕੁ ਨਿੱਕਲਿਆ ,"ਥੈਂਕਸ ,ਦੀਦੀ " . ਸ਼ੁਭ ਦੇ ਕੰਨਾਂ ਚ ਉਹ ਮਿੱਠੀ ਆਵਾਜ਼ ਸਾਰੀ ਰਾਤ ਘੁਲਦੀ ਰਹੀ। ਇਸ ਮਗਰੋਂ ਕੰਟੀਨ ਚ ਮਿਲਣ ਦਾ ਗੱਲ ਕਰਨ ਦਾ ਵੇਖ ਕੇ ਮੁਸਕਰਾਉਣ ਦਾ ਸਿਲਸਿਲਾ ਚੱਲ ਨਿੱਕਲਿਆ। ਫਿਰ ਕੱਠੇ ਖਾਣਾ ਗੱਲਾਂ ,ਪੜ੍ਹਾਈ ਦੀਆਂ ਗੱਲਾਂ ਸਾਂਝੀਆਂ ਹੋਣ ਲੱਗੀਆਂ। ਦੋਵੇਂ ਇੱਕ ਦੂਸਰੇ ਨਾਲ ਘਿਉ

ਖਿਚੜੀ ਹੁੰਦੀਆਂ ਗਈਆਂ। ਭਾਬੀ ਦੇ ਜਾਣ ਮਗਰੋਂ ਤੇ ਅਚਾਨਕ ਗੱਲ ਬੰਦ ਹੋਣ ...
ਮਗਰੋਂ ਉਹਨੂੰ ਕੱਲਾਪਣ ਮਹਿਸੂਸ ਹੁੰਦਾ ਸੀ। ਤੇ ਅਸਮਿਤਾ ਪਹਿਲੀ ਵਾਰ ਘਰੋਂ ਬਾਹਰ ਇੰਝ ਕੱਲੀ ਰਹਿ ਰਹੀ ਸੀ। ਘਰਦੇ ਘੁਟਵੇਂ ਪਰ ਪਿਆਰ ਭਰੇ ਮਾਹੌਲ ਨਾਲੋਂ ਇਥੇ ਦਾ ਮਾਹੌਲ ਉਸਨੂੰ ਉਲਟ ਲੱਗਦਾ ਸੀ। ਉਸਨੂੰ ਘਰ ਯਾਦ ਆਉਂਦਾ। ਮਾਂ ਬਾਪ ਦੀਆਂ ਨਸੀਹਤਾਂ ਉਸਦੇ ਦਿਲੋਂ ਦਿਮਾਗ ਤੇ ਹੁੰਦੀਆਂ। ਕੀ ਕਰਨਾ ਕਿ ਨਹੀਂ ਕਰਨਾ ਸਭ. ਸਕੂਲ ਮਗਰੋਂ ਵਿੱਛੜੇ ਦੋਸਤ ਯਾਦ ਆਉਂਦੀਆਂ। ਸ਼ੁਭ ਉਸਦੀ ਇੱਕ ਦੋਸਤ ,ਮਦਦਗਾਰ ਉਸਦੀ ਹੈਲਪ ਕਰਨ ਵਾਲੀ ਉਸਨੂੰ ਸਮਝਾਉਣ ਵਾਲੀ ਕੁੜੀ ਸੀ। ਪੜ੍ਹਾਈ ਵਿਚ ਸਹਾਇਤਾ ਤੋਂ ਲੈ ਕੇ ਕੱਲਿਆਂ ਰਹਿਕੇ ਆਤਮ ਨਿਰਭਰ ਹੋਣਾ ਉਸ ਕੋਲੋਂ ਹੀ ਉਹ ਸਿੱਖ ਰਹੀ ਸੀ। ਸ਼ੁਭ ਨਾਲ ਰਹਿ ਕੇ ਉਸਨੇ ਬਾਕੀ ਕੁੜੀਆਂ ਵਾਂਗ ਪਹਿਨਣਾ ,ਗੱਲਾਂ ਕਰਨੀਆਂ ਉੱਠਣਾ ਬੈਠਣਾ ਸਿਖਿਆ। ਆਪਣੇ ਮਨ ਵਿਚਲੇ ਡਰਾਂ ਖਦਸ਼ਿਆਂ ਨੂੰ ਦੂਰ ਕੀਤਾ ਸੀ। ਇੱਕ ਦੂਸਰੇ ਦੇ ਸਭ ਰਹੱਸਾਂ ਤੋਂ ਪਰਦੇ ਉੱਠੇ ਹੋਏ ਸੀ ਮਹਿਜ਼ ਸ਼ੁਭ ਦੇ ਆਪਣੇ ਰਿਲੇਸ਼ਨਸ਼ਿਪ ਬਾਰੇ। ਜਿਸ ਵਿੱਚ ਇੱਕ ਤਸਵੀਰ ਵਾਂਗ ਹੁਣ ਅਸ਼ਮਿਤਾ ਦਾਖਿਲ ਹੋ ਗਈ ਸੀ। ਅਸ਼ਮਿਤਾ ਚ ਹਰ ਪਾਸੇ ਤੋਂ ਇੱਕ ਭਰੀ ਭਰੀ ਕੁੜੀ ਸੀ ,ਮਾਸੂਮ ਸ਼ਕਲ ,ਲਾਲੀ ਭਰਿਆ ਰੰਗ ,ਪੂਰਾ ਕਸਵਾਂ ਤੇ ਭਰਿਆ ਹੋਇਆ ਸਰੀਰ ,ਜਿਸਨੂੰ ਸ਼ੁਭ ਕਪੜਿਆਂ ਤੋਂ ਅੰਦਰ ਬਾਹਰ,ਹਕੀਕਤ ਤੇ ਕਲਪਨਾ ਵਿੱਚ ਕਈ ਵਾਰ ਵੇਖ ਚੁੱਕੀ ਸੀ। ਸ਼ੁਭ ਕੋਲ ਆਪਣਾ ਵੱਖਰਾ ਕਮਰਾ ਸੀ ਇਸ ਲਈ ਕਈ ਵਾਰ ਦੋਵੇਂ ਉਸੇ ਚ ਸੌਂ ਜਾਂਦੀਆਂ ਸੀ। ਸ਼ੁਭ ਦੇ ਮਨ ਵਿੱਚ ਬਹੁਤ ਕੁਝ ਸੀ ਪਰ ਉਹ ਅਸ਼ਮਿਤਾ ਨੂੰ ਦੱਸਕੇ ਇੱਕ ਹੋਰ ਦੋਸਤੀ ਨਹੀਂ ਸੀ ਖੋਣਾ ਚਾਹੁੰਦੀ ਸੀ। ਭਲਾਂ ਜੋ ਕੁੜੀ ਘੁੱਟਵੇਂ ਜਿਹੇ ਮਾਹੌਲ ਚ ਰਹਿਕੇ ਕੁੜੀਆਂ ਤੋਂ ਸੰਗਦੀ ਹੋਵੇਗੀ ਉਹ ਇੰਝ ਦੀਆਂ ਗੱਲਾਂ ਸੁਣਕੇ ਤਾਂ ਉਸ ਕੋਲੋਂ ਸਦਾ ਲਈ ਨੱਠ ਹੀ ਜਾਏਗੀ। ਇੱਕ ਡਰ ਸੀ ਜੋ ਉਸਨੂੰ ਕਦੇ ਵੀ ਅੱਗੇ ਨਹੀਂ ਸੀ ਵੱਧਣ ਦਿੰਦਾ। ਇੱਕ ਰਾਤੀ ਜਦੋਂ ਅਸ਼ਮਿਤਾ ਲੇਟੀ ਹੋਈ ਪੜ੍ਹ ਰਹੀ ਸੀ ਤਾਂ ਸ਼ੁਭ ਸੌਣ ਲਈ ਕੱਪੜੇ ਬਦਲਣ ਲੱਗ

ਗਿਆ। ਕਿਤਾਬ ਤੋਂ ਧਿਆਨ ਹਟਾ ਕੇ ਉਹ ਸ਼ੁਭ ਵੱਲ ਦੇਖਣ ਲੱਗੀ , ਆਪਣੇ ਵੱਲ ਇੰਞ ਤੱਕਦੇ ਵੇਖ ਉਸਨੇ ਪੁੱਛਿਆ ," ਕੀ ਵੇਖ ਰਾਹੀਂ ਏ ?"ਸ਼ੁਭ ਪੂਰੇ ਕਪੜੇ ਉਤਾਰ ਚੁੱਕੀ ਸੀ। "ਦੇਖ ਰਹੀਂ ਹਾਂ ,ਤੁਸੀਂ ਕਿੰਨੇ ਸੋਹਣੇ ਹੋ "."ਤੇਰੇ ਤੋਂ ਤਾਂ ਘੱਟ ਹੀ ਹਾਂ ,ਤੇਰਾ ਅੰਗ ਅੰਗ ਕਪਾਹ ਦੀਆਂ ਫੁੱਟਾਂ ਵਰਗਾ "" ਨਹੀਂ ,ਚਿੱਟੇ ਰੰਗ ਨਾਲੋਂ ,ਬਦਾਮੀ ਭਾਹ ਮਾਰਦਾ ਪਿੰਡਾ ਵੱਧ ਸੋਹਣਾ ਲਗਦਾ ,ਤੁਹਾਡੇ ਰੰਗ ਚ ਬਦਾਮੀ ਛੋਹ ਹੈ ,ਉਂਞ ਵੀ ਮੇਰੇ ਨਾਲੋਂ ਤੁਹਾਡਾ ਸਭ ਕੁਝ ਸਵਾਇਆ ਹੀ ਹੈ "ਨਹੀਂ ਤੇਰਾ ਹੈ ਤੈਨੂੰ ਐਵੇਂ ਲਗਦਾ " "ਹੁਣੀ ਵੇਖ ਲੈਂਦੇ ਹਾਂ।"ਆਖਕੇ ਅਸ਼ਮਿਤਾ ਉੱਠੀ। ਇੱਕ ਝਟਕੇ ਚ ਉਸਨੇ ਆਪਣੀ ਟੀ ਸ਼ਰਟ ਉਤਾਰ ਦਿੱਤੀ। ਹੁਸਨ ਆਜ਼ਾਦ ਹੋਕੇ ਚਮਕਣ ਲੱਗਾ। ਉਹ ਸ਼ੁਭ ਕੋਲ ਜਾ ਕੇ ਖੜੀ ਹੋ ਗਈ। ਦੋਵਾਂ ਦੇ ਕੱਦ ਇੱਕੋ ਜਿੰਨੇ ਸੀ। ਸੀਨੇ ਨੂੰ ਸੀਨੇ ਨਾਲ ਟਕਰਾ ਕੇ ਦੋਵੇਂ ਇਸ ਨਿਰਣੇ ਤੇ ਪਹੁੰਚਣ ਦੀ ਕੋਸ਼ਿਸ਼ ਕਰ ਰਹੀਆਂ ਸੀ ਕਿ ਕੌਣ ਵੱਧ ਖੂਬਸੂਰਤ ਹੈ। ਪਰ ਰਹਿ ਰਹਿ ਕੇ ਖਹਿੰਦੇ ਜਿਸਮਾਂ ਨੇ ਰੋਮਾਂ ਨੂੰ ਜਗਾ ਦਿੱਤਾ ਸੀ। ਹੱਥਾਂ ਚ ਪਕੜ ਕਦੋਂ ਪੰਛੀਆਂ ਦੀਆਂ ਚੁੰਝਾਂ ਟਕਰਾਉਣ ਵਰਗੀ ਅਜ਼ੀਬ ਜਿਹੀ ਖੇਡ ਚ ਰੁੱਝ ਕੇ ਸਵਾਦ ਲੈਣ ਲੱਗੀਆਂ ਉਹਨਾਂ ਨੂੰ ਵੀ ਸਮਝ ਨਹੀਂ ਸੀ ਆਈ। ਜਦੋਂ ਤੱਕ ਦੋਵਾਂ ਦੇ ਸੀਨੇ ਆਪਸ ਚ ਕੱਸਕੇ ਰਗੜਨ ਨਾ ਲੱਗੇ ਤੇ ਇੱਕ ਦੂਸਰੇ ਨੂੰ ਬੁੱਕਲ ਵਿੱਚ ਘੁੱਟ ਨਾ ਲਿਆ। ਸ਼ੁਭ ਲਈ ਤਾਂ ਜਿਵੇਂ ਕਲਪਨਾ ਦੇ ਸੱਚ ਹੋਣ ਦਾ ਵੇਲਾ ਸੀ ਜਿਸ ਚੀਜ਼ ਨੂੰ ਸਿਰਫ ਉਹ ਖੋਹ ਜਾਣ ਦੇ ਡਰੋਂ ਛੱਡ ਰਹੀ ਸੀ। ਉਸਦੀ ਬੁੱਕਲ ਚ ਆਕੇ ਮਹਿਕਣ ਲੱਗੀ ਸੀ। ਇੱਕ ਸਾਲ ਦੇ ਕਰੀਬ ਸਮੇਂ ਮਗਰੋਂ ਉਸਦੇ ਜਿਸਮ ਨੂੰ ਕੋਈ ਜਿਸਮ ਛੂਹ ਰਿਹਾ ਸੀ। ਹਰ ਪੋਰ ਵਿਚੋਂ ਗਰਮੀ ਨਿੱਕਲ ਰਹੀ ਸੀ ਤੇ ਨਾਜ਼ੁਕ ਹਿੱਸਿਆਂ ਚ ਜਿਵੇਂ ਗਰਮ ਚਸਮੇਂ ਫੁੱਟ ਰਹੇ ਹੋਣ। ਬਿਨਾਂ ਝਿਜਕ ਤੋਂ ਬੜੇ ਹੀ ਅਦਭੁਤ ਤਰੀਕੇ ਨਾਲ ਅਸ਼ਮਿਤਾ ਉਸਦੇ ਬੁੱਲਾਂ ਨੂੰ ਚੂਸ ਰਹੀ ਸੀ। ਉਸਦੇ ਹੱਥ ਗਰਦਨ ਤੋਂ ਲੈ ਕੇ ਪਿੱਠ ਤੋਂ ਹੇਠਾਂ ਤੱਕ ਜਿਥੇ ਵੀ ਜਾ ਸਕਦੇ ਸੀ ਘੁੰਮ ਰਹੇ ਸੀ। ਸ਼ੁਭ ਨੂੰ ਲੱਗ ਰਿਹਾ ਸੀ ਜਿਵੇਂ ਉਹ ਸਿਖਿਆਰਥੀ ਹੋਵੇ ਤੇ ਅਸ਼ਮਿਤਾ

ਅਧਿਆਪਕ। ਉਸਦੀਆਂ ਉਂਗਲਾਂ ਦੀ ਛੋਹ ਨੇ ਸ਼ੁਭ ਦੀਆਂ ਲੱਤਾਂ ਨੂੰ ਕਿਸੇ ਸਹਾਰੇ ...
ਦੀ ਲੋੜ ਪਵਾ ਦਿੱਤੀ ਸੀ। ਦੋਵੇਂ ਉਸੇ ਬੈੱਡ ਤੇ ਡਿੱਗ ਗਈਆਂ ਜਿੱਥੇ ਕਿਤਾਬਾਂ ਡਿੱਗੀਆਂ ਪਈਆਂ ਸੀ। ਸ਼ੁਭ ਦੇ ਹੱਥਾਂ ਨੇ ਅਸ਼ਮਿਤਾ ਦੇ ਜਿਸਮ ਤੋਂ ਆਖ਼ਰੀ ਪਰਦੇ ਨੂੰ ਹਟਾ ਦਿੱਤਾ ਸੀ। ਦੋਵੇਂ ਇੱਕ ਦੂਸਰੇ ਵਰਗੀਆਂ ਸੀ। ਜੋ ਕੁਝ ਇੱਕ ਕਰਦੀ ਉਹੀ ਹਰਕਤ ਦੂਸਰੀ ਦੁਹਰਾ ਰਹੀ ਸੀ। ਜਿਸਮਾਂ ਦੀ ਗਰਮੀ ਇੱਕੋ ਜਿੰਨੀ ਸੀ। ਉਂਗਲੀਆਂ ਦੀਆਂ ਹਰਕਤਾਂ ਨੇ ਉਸ ਗਰਮੀ ਨੂੰ ਬਾਹਰ ਆਉਣ ਲਈ ਮਜਬੂਰ ਕਰ ਦਿੱਤਾ ਸੀ। ਬੁੱਲਾਂ ਦੀ ਛੋਹ ਉਸ ਗਰਮੀ ਨੂੰ ਕੋਸਾ ਕਰਨ ਦਾ ਯਤਨ ਕਰ ਰਹੀ ਸੀ। ਰਗੜ ਨਾਲ ਜਿਸਮ ਵਿੱਚ ਚਿੰਗਿਆੜੇ ਨਿੱਕਲ ਰਹੇ। ਹੋਸਟਲ ਦੇ ਉਸ ਨਿੱਕੇ ਕਮਰੇ ਵਿੱਚ ਜਿਸ ਚ ਖਿੜਕੀਆਂ ਵੀ ਬੰਦ ਸੀ ਸਾਹ ਤੇ ਸਿਸਕਾਰੀਆਂ ਇੱਕੋ ਜਿੰਨਾਂ ਗੂੰਜ ਰਹੀਆਂ ਸੀ। ਸ਼ਿਖਰ ਦੇ ਪਲਾਂ ਚ ਜਿਸਮ ਕੈਂਚੀ ਵਾਂਗ ਆਪਸ ਚ ਜਕੜੇ ਗਏ। ਦੋਵਾਂ ਦਾ ਇੱਕੋ ਜਿੰਨਾ ਦਮ ਇੱਕੋ ਜਿੰਨਾ ਅੰਗਾਂ ਨੂੰ ਛੋਹਣ ਸਹਿਲਾਉਣਾ ਤੇ ਪਿਆਰਨ ਦਾ ਸਿਲਸਿਲਾ ਬੁੱਲਾਂ ਤੇ ਉਂਗਲਾਂ ਨਾਲ ਜ਼ਾਰੀ ਸੀ। ਜਦੋਂ ਤੱਕ ਦੋਵੇਂ ਉਸ ਪਲ ਨੂੰ ਅੱਖਾਂ ਵਿੱਚੋਂ ਉਭਲ ਕੇ ਬਾਹਰ ਮਹਿਸੂਸ ਹੁੰਦਾ ਨੇ ਦੇਖਿਆ ਤੇ ਬਿਸਤਰ ਦੇ ਸਲਾਭੇ ਹੋਣ ਦਾ ਅਹਿਸਾਸ ਨਾ ਹੋਇਆ। ਸਪ੍ਰਿੰਟ ਦੌੜ ਕੇ ਆਏ ਵਾਂਗ ਦੋਵੇਂ ਇੱਕ ਦੂਸਰੇ ਉੱਤੇ ਡਿੱਗ ਕੇ ਲੇਟ ਗਈਆਂ। ਸ਼ੁਭ ਦੇ ਮਨ ਚ ਸਵਾਲ ਕਈ ਸੀ ,"ਤੂੰ ਕਿਥੋਂ ਸਿੱਖਿਆ ਸਭ ? ਸ਼ੁਭ ਉਸਦੀ ਨਾਲੇਜ ਤੇ ਹੈਰਾਨ ਸੀ। "ਮੈਂ ਤੇ ਮੇਰੀ ਚਾਚੇ ਦੀ ਕੁੜੀ ਜੋ ਮੈਥੋਂ ਵੱਡੀ ਸੀ ,ਸਕੂਲ ਦਿਨਾਂ ਤੋਂ ਕੱਠੀਆਂ ਹੀ ਸੌਂਦੀਆਂ ਸੀ। ਪਰ ਇਹ ਸਵਾਲ ਕਿਉਂ ? ਤੁਹਾਨੂੰ ਵੀ ਮੁੰਡਿਆਂ ਵਾਂਗ ਅਣਲੱਗ ਤੇ ਵਰਜਨ ਕੁੜੀ ਚਾਹੀਦੀ ਸੀ" ?ਸ਼ੁਭ ਉਸਦੇ ਸਵਾਲ ਤੇ ਹੱਸੀ ਤੇ ਬੋਲੀ ," ਕੁੜੀ ਕੁੜੀ ਦੇ ਰਿਸ਼ਤੇ ਚ ਇਹੀ ਤਾਂ ਖਾਸੀਅਤ ਹੈ ਇੱਥੇ ਜੂਠ ਤੇ ਵਰਜਨੀਟੀ ਵਰਗੇ ਸਵਾਲ ਨਹੀਂ ਚਰਿੱਤਰ ਤੇ ਪ੍ਰਸ਼ਨ ਚਿੰਨ ਨਹੀਂ ,ਇੱਕ ਤਾਰ ਦੇ ਜੁੜੇ ਜਾਂ ਟੁੱਟੇ ਹੋਣ ਤੋਂ ਪਿਆਰ ਜਾਂ ਕਿਰਦਾਰ ਨਹੀਂ ਮਾਪਿਆ ਜਾਂਦਾ ,ਪਿਆਰ ਜਾਂ ਕਿਰਦਾਰ ਇੱਕ ਦੂਸਰੇ ਦੀ ਚਾਹਤ ,ਲੋੜ ਤੇ ਜਜਬਾਤਾਂ ਤੋਂ ਮਾਪਿਆ

ਜਾਂਦਾ। ਸ਼ੁਭ ਤੇ ਅਸ਼ਮਿਤਾ ਦਾ ਇਹ ਰਿਸ਼ਤਾ ਚੱਲ ਨਿਕਲਿਆ ਸੀ ,ਦੋਵੇਂ ਇਕ ਕਾਲਜ਼ ਚ ਇੱਕੋ ਜਿਹਾ ਪੜ੍ਹ ਰਹੀਆਂ ਸੀ ਦੋਵਾਂ ਨੂੰ ਸਿਰਫ ਕੁੜੀਆਂ ਪਸੰਦ ਸੀ। ਦੋਵਾਂ ਦਾ ਕਮਰਾ ਇੱਕ ਹੋ ਗਿਆ। ਕਪੜੇ ਇੱਕੋ ਜਿਹੇ ਹੋਗੇ ,ਤੋਰ ਬੋਲਚਾਲ ਭਾਸ਼ਾ ਸਭ ਇੱਕੋ ਹੋ ਗਈ ਸੀ। ਕੱਠੇ ਨਹਾਉਣਾ ਸੌਣਾ ਪੜ੍ਹਨਾ ਉਹ ਵੀ ਬਿਨਾਂ ਕੱਪੜਿਆ ਤੋਂ ਇੱਕ ਦੂਸਰੇ ਚ ਮਸਤ ਰਹਿਣਾ ਉਹਨਾਂ ਦੀ ਜ਼ਿੰਦਗੀ ਬਣ ਗਈ। ਹੋਸਟਲ ਚ ਗੱਲਾਂ ਉੱਡ ਗਈਆਂ ਕਾਲਜ ਚ ਪਹੁੰਚ ਗਈਆਂ। ਲੋਕੀ ਅਜੀਬ ਅਜੀਬ ਤੱਕਦੇ। ਮੁੰਡੇ ਗੁੱਝਾ ਹੱਸਦੇ ਫਿਕਰੇ ਵੀ ਕੱਸਦੇ। ਕੁੜੀਆਂ ਵੀ ਕੋਈ ਕੋਈ ਖਿਝ ਕੇ ਲੜ ਕੇ ਮਿਹਣਾ ਮਾਰ ਦਿੰਦੀਆਂ। ਪਰ ਜਦ ਮੀਆਂ ਬੀਵੀ ਰਾਜ਼ੀ ਕੀ ਕਰੂਗਾ ਕਾਜ਼ੀ। ਆਪਣੇ ਰਿਸ਼ਤੇ ਦੀਆਂ ਗੱਲਾਂ ਉੱਡਣ ਮਗਰੋਂ ਵੀ ਉਹਨਾਂ ਨੇ ਪ੍ਰਵਾਹ ਨਹੀਂ ਕੀਤੀ। ਇੱਕ ਦੂਸਰੇ ਦਾ ਸਾਥ ਦੇਣ ਦਾ ਸਿਲਸਿਲਾ ਰਿਹਾ। ਕਾਲਜ ਪੂਰਾ ਕਰਕੇ ਸ਼ੁਭ ਓਥੇ ਹੀ ਪਹਿਲਾਂ ਗੇਟ (GATE) ਦੀ ਤਿਆਰੀ ਕਰਦੀ ਰਹੀ ਫਿਰ ਨੌਕਰੀ ਵੀ ਕਰ ਲਈ। ਅਸ਼ਮਿਤਾ ਉਸੇ ਕੋਲ ਆ ਕੇ ਰਰਹਿ ਲੈਂਦੀ। ਲੋਕਾਂ ਨੂੰ ਉਹਨਾਂ ਦੇ ਰਿਸ਼ਤੇ ਦੀ ਆਦਤ ਪੈ ਗਈ। ਭਾਵੇਂ ਕਈ ਵਾਰ ਗੰਦੇ ਗੰਦੇ ਫੋਨ ਆਉਂਦੇ ,ਸੋਸ਼ਲ ਮੀਡੀਆ ਤੇ ਪ੍ਰੋਫ਼ਾਈਲ ਲੱਭ ਕੇ ਮੈਸੇਜ ਵੀ ਆਉਂਦੇ। ਪਰ ਉਹ ਇਸ ਸਭ ਨੂੰ ਇਗਨੋਰ ਕਰਦੀਆਂ। ਹਰ ਫੋਨ ਹਰ ਮੈਸੇਜ ਚ ਮੁੰਡਿਆਂ ਚ ਭਰੀ ਹੋਈ ਸੋਚ ਬਾਹਰ ਉਬਲਦੀ ਸੀ। “ਕਿਸੇ ਮੁੰਡੇ ਥੱਲੇ ਪੈ ਕੇ ਸੁਆਦ ਨਹੀਂ ਦੇਖਿਆ ,ਫਿਰ ਉਂਗਲਾਂ ਭੁੱਲ ਜਾਣਗੀਆਂ ” ਸਾਰ ਤੱਤ ਹਰ ਗੱਲ ਦਾ ਇਹੋ ਨਿਕਲਦਾ। ਉਦੋਂ ਤੱਕ ਉਹਨਾਂ ਨੂੰ ਸਮਝ ਆ ਗਈ ਸੀ ਕਿ ਬਹੁਤੇ ਮਰਦਾਂ ਲਈ ਸੈਕਸ ਦਾ ਮਤਲਬ ਮਹਿਜ਼ ਉਹ ਅੰਤਿਮ ਪੰਜ ਦਸ ਮਿੰਟਾਂ ਦੀ ਖੇਡ ਹੈ ਜਿਸਨੂੰ ਉਹ ਮਰਦਾਨਗੀ ਦਾ ਢੋਲ ਵਜਾ ਕੇ ਪਿੱਟਦੇ ਹਨ। ਸ਼ਾਇਦ ਇਸੇ ਕਰਕੇ ਇਸ ਮੁਲਕ ਹਰ ਚਾਰ ਵਿਚੋਂ ਇੱਕ ਔਰਤ ਵਿਆਹ ਮਗਰੋਂ ਵੀ ਅਸੰਤੁਸ਼ਟ ਹੈ। ਅਹਿਸਾਸ ਵਿਹੂਣੇ ਝਟਕਿਆਂ ਨੂੰ ਚਰਮ ਮੰਨ ਲੈਣ ਦੀ ਸੋਚ ਹੀ ਅਜਿਹੇ ਮੈਸੇਜ ਹਰ ਔਰਤ ਨੂੰ ਭੇਜਣ ਲਈ ਮਜਬੂਰ ਕਰ ਦਿੰਦੀ ਹੈ। ਇਹ ਜਰੂਰੀ ਨਹੀਂ ਕਿ ਉਹ ਲੇਸਬੀਅਨ ਹੋਵੇ

ਬਸ ਔਰਤ ਹੋਣੀ ਚਾਹੀਦੀ ਉਸਦੇ ਸੋਸ਼ਲ ਮੀਡੀਆ ਦੇ ਮੈਸੇਜ ਬਾਕਸ ਚ ਇਹ ਮੈਸੇਜਾਂ ਦੀ ਭਰਮਾਰ ਹੈ। ਇਸ ਗੱਲ ਨੂੰ ਸਮਝ ਗਈਆਂ ਸੀ ਸਮਾਜ ਨਾਲ ਟੱਕਰ ਮਰਦਾਂ ਦੀ ਸੋਚ ਨੂੰ ਬਦਲਣ ਲਈ ਟੱਕਰ ਸੀ। ਅਸੀਂ ਭੂਚਾਲ ਤਾਂ ਉਦੋਂ ਆਇਆ ਜਦੋਂ ਦੋਵਾਂ ਨੇ ਵਿਆਹ ਕਰਵਾਉਣ ਦੀ ਸੋਚੀ ਤੇ ਆਪਣੇ ਆਪਣੇ ਘਰ ਗੱਲ ਕੀਤੀ।

ਸ਼ਿਵਾਲੀ ਤੇ ਸ਼ੁਭ ਅੱਜ ਉਸੇ ਕਮਰੇ ਚ ਕੱਠੀਆਂ ਪਈਆਂ ਸੀ ਜਿੱਥੇ ਸ਼ੁਭ ਆਖ਼ਿਰੀ ਵਾਰ ਅਸ਼ਮਿਤਾ ਨਾਲ ਸੁੱਤੀ ਸੀ। ਜਿਸ ਦਿਨ ਉਹਨਾਂ ਨੇ ਘਰ ਗੱਲ ਕਰਨ ਦਾ ਮਨ ਬਣਾ ਕੇ ਆਪੋ ਆਪਣੇ ਘਰ ਗੱਲ ਕੀਤੀ ।
ਸ਼ੁਭ ਦੀ ਮਾਂ ਨੂੰ ਲੱਗਾ ਸੀ ਕਿ ਉਸ ਉਮਰ ਚ ਕੁੜੀਆਂ ਨੂੰ ਇਹ ਆਦਤ ਪੈ ਜਾਂਦੀ ਹੈ,ਜਦੋਂ ਉਹਨੇ ਮਨਿੰਦਰ ਤੇ ਸ਼ੁਭ ਨੂੰ ਇਹ ਸਭ ਕੁਝ ਕਰਦੇ ਵੇਖ ਲਿਆ ਸੀ। ਉਸਨੂੰ ਕਿੰਨਾ ਸਮਝਾਇਆ ਵੀ ਸੀ,ਕਦੇ ਉਸਨੂੰ ਰੋਕਿਆ ਨਹੀਂ ਸੀ ,ਨਾ ਹੀ ਕਦੇ ਕਿਹਾ ਸੀ ਕਿ ਕੋਈ ਮੁੰਡਾ ਦੋਸਤ ਬਣਾਉਣਾ ਹੈ ।ਉਹ ਖੁਦ ਹੀ ਉਸਨੂੰ ਕਹਿ ਦਿੰਦੀ ਸੀ ਕਿ ਕੋਈ ਮਬੁਆਇਫਰੈਂਡ ਬਣਾਇਆ ਕਿ ਨਹੀਂ । ਇੱਕ ਮਾਂ ਦੇ ਤੌਰ ਤੇ ਕਿੰਨਾ ਕੁ ਖੁੱਲ੍ਹ ਕੇ ਉਹ ਕਹਿ ਸਕਦੀ ਸੀ ਕਿਹਾ ਸੀ। ਉਸਨੂੰ ਕੱਲੀ ਰਹਿਣ ਨੂੰ ਵੀ ਰੋਕਿਆ ਨਾ। ਪਰ ਕਈ ਸਾਲ ਮਗਰੋਂ ਉਹੀ ਗੱਲ ਮੁੜ ਖੜ੍ਹੀ ਹੋ ਗਈ ਸੀ।
ਹੁਣ ਤਾਂ ਘਰ ਸਭ ਨੂੰ ਪਤਾ ਲੱਗ ਗਿਆ ਸੀ , ਮਾਂ-ਬਾਪ ਨੇ ਬਹੁਤ ਵਾਸਤੇ ਪਾਏ। ਲੋਕ ਕੀ ਕਹਿਣਗੇ,ਡਾਕਟਰ ਕੋਲ ਇਲਾਜ਼ ਦੀ ਸੁਲਾਹ ਵੀ ਬਹੁਤ ਮਾਰੀ ।ਇਲਾਜ਼ ਕੋਈ ਹੁੰਦਾ ਤਾਂ ਹੋਵੇ।
ਅਖੀਰ ਘਰਦਿਆਂ ਨੇ ਹੱਥ ਜੋੜੇ ,"ਜੋ ਮਰਜ਼ੀ ਕਰ ,ਪਰ ਜਿੱਦਣ ਵੀ ਟੁਣ ਇੰਝ ਦਾ ਕੁਝ ਕਰ ਲਿਆ ਤਾਂ ਸਮਝੀ ਅਸੀਂ ਤੇਰੇ ਲਈ ਮਰ ਗਏ"।
ਉਹ ਦਿਨ ਤੇ ਅੱਜ ਦਾ ਦਿਨ ਉਹ ਮੁੜ ਕਦੇ ਘਰ ਨਹੀਂ ਸੀ ਗਈ ।ਸਿਰਫ ਹਾਲ ਚਾਲ ਪੁੱਛਦੀ ਮਾਂ ਨੂੰ ਫੋਨ ਲਗਾ ਲੈਂਦੀ ਸੀ।

ਅਸ਼ਮਿਤਾ ਘਰ ਗਈ ਤਾਂ ਕੁਝ ਦਿਨ ਗੱਲ ਕਰਦੀ ਰਹੀ ।ਫਿਰ ਅਚਾਨਕ ਫੋਨ ਬ ...
ਹੋ ਗਿਆ । ਉਸਦੇ ਦਿਲ ਚ ਕਿਸੇ ਅਣਹੋਣੀ ਦੇ ਹੌਲ ਪੈਣ ਲੱਗੇ। ਹਰ ਕੋਸ਼ਿਸ਼ ਕਰਨ ਮਗਰੋਂ ਵੀ ਉਹਦੀ ਗੱਲ ਨਾ ਹੋ ਸਕੀ ।

ਉਸਨੇ ਉਸਦੇ ਡੈਡੀ ਦਾ ਨੰਬਰ ਲਗਾਇਆ ,ਪਰ ਅੱਗਿਓ ਗੁੱਸੇ ਭਰਿਆ ਤੇ ਧਮਕੀ ਭਰਿਆ ਜਵਾਬ ਆਇਆ,"ਜੇ ਹੁਣ ਕਦੇ ਸਾਡੀ ਕੁੜੀ ਨਾਲ ਗੱਲ ਕਰਨ ਦੀ ਕੋਸ਼ਿਸ਼ ਕੀਤੀ ਤਾਂ ਹੋਮੋਸੇਕਸੂਲੀਟੀ ਦੇ ਕਾਨੂੰਨ ਚ ਕੇਸ ਕਰ ਦਿਆਗੇਂ ,ਤੂੰ ਸਾਡੀ ਕੁੜੀ ਨੂੰ ਪੁੱਠੇ ਕੰਮ ਸਿਖਾਏ ਨੇ ,ਗੰਦੀ ਜਨਾਨੀ !"

ਉਸਨੂੰ ਸੁਣਨ ਨੂੰ ਮਿਲਿਆ ਸੀ ।ਇਸਦੀ ਕੋਈ ਪਰਵਾਹ ਨਹੀਂ ਸੀ ਉਸਨੂੰ ਪਰ ਉਹ ਕਰੇ ਤਾਂ ਕੀ ਕਰੇ। ਉਸਨੇ ਹਾਲ ਜਾਨਣ ਲਈ ਕਿਸੇ ਤਰ੍ਹਾਂ ਉਸਦੀ ਚਾਚੇ ਦੀ ਕੁੜੀ ਦਾ ਨੰਬਰ ਲਿਆ।

ਅਸ਼ਮਿਤਾ ਨੂੰ ਇੰਝ ਕੈਦ ਚ ਰੱਖਿਆ ਗਿਆ ਸੀ ਕੋਈ ਉਸਦੇ ਆਸ ਪਾਸ ਵੀ ਨਹੀਂ ਸੀ ਜਾਂਦਾ ਕਿਸੇ ਨਾਲ ਕੋਈ ਗੱਲ ਨਹੀਂ ਸੀ ਕਰਨ ਦਿੱਤੀ ਜਾਂਦੀ ।ਕੁੱਟਮਾਰ ,ਝਿੜਕਾਂ ਇਥੋਂ ਤੱਕ ਭੁੱਖੇ ਰੱਖਿਆ ਗਿਆ।

"ਇਸਦੇ ਮਨ ਚ ਭੁਲੇਖਾ ਹੈ,ਇਸਨੇ ਕਦੇ ਮਰਦ ਦਾ ਸੰਗ ਨਹੀਂ ਕੀਤਾ ਜੇ ਉਹ ਕਰ ਲਵੇਗੀ ਤਾਂ ਠੀਕ ਹੋ ਜਾਏਗੀ।" ਘਰਦਿਆਂ ਨੇ ਦਿਲ ਤੇ ਪੱਥਰ ਰੱਖ ਕੇ ਅਖੀਰ ਇੱਕ ਰਾਤ ਉਸਦੇ ਵਿਆਹੇ ਹੋਏ ਕਜਨ ਨੂੰ ਉਸ ਨਾਲ ਕਮਰੇ ਚ ਖੁਲ੍ਹਾ ਛੱਡ ਦਿੱਤਾ। ਅਗਲੀ ਦਿਨ ਉਹ ਬਾਹਰ ਨਿੱਕਲਿਆ ਮੂੰਹ ਤੇ ਜੇਤੂ ਮੁਸਕਾਨ ਸੀ,ਪਰ ਅਸ਼ਮਿਤਾ ਲਈ ਤਕਲੀਫ ਤੇ ਘ੍ਰਿਣਾ ਭਰਿਆ ਦਿਲ। ਇਸ ਮਗਰੋਂ ਵੀ ਇਹ ਸਿਲਸਿਲਾ ਕਈ ਦਿਨ ਤੱਕ ਚੱਲਿਆ। ਪਰ ਅਸ਼ਮਿਤਾ ਦੇ ਮਨ ਚ ਕੋਈ ਬਦਲਾਅ ਨਾ ਆਇਆ। ਉਹ ਤਾਂ ਬੱਸ ਹੁਣ ਸਭ ਸਹਿਣ ਦੇ ਕਾਬਿਲ ਹੋ ਗਈ ਸੀ। ਉਸ ਉੱਪਰ ਜੋ ਵੀ ਗੁਜ਼ਰ ਰਿਹਾ ਸੀ। ਛੇਤੀ ਤੋਂ ਛੇਤੀ ਮੁਕਾ ਕੇ ਮੁੜ ਸ਼ੁਭ ਕੋਲ ਜਾਣਾ ਚਾਹੁੰਦੀ ਸੀ ।

ਸਭ ਦੀ ਇਹੋ ਰਾਇ ਸੀ ਕਿ ਸ਼ਾਇਦ ਉਸ ਉੱਪਰ ਕਿਸੇ ਆਤਮਾ ਦਾ ਸਾਇਆ ਹੈ ।

ਇਕ ਤਾਂਤਰਿਕ ਨੂੰ ਸਭ ਕਹਾਣੀ ਦਸੀ ਗਈ ਕਿ ਕਿੰਝ ਉਹ ਕਿਸ ਕੁੜੀ ਨਾਲ ਵਿਆਹ ਕਰਵਾਉਣ ਲਈ ਹਰ ਹੀਲੇ ਕੋਸ਼ਿਸ ਕਰ ਰਹੀ ਹੈ। ਘਰਦੇ ਉਸਨੂੰ ਮਨਾ ਰਹੇ ਸੀ,ਪਰ ਉਹ ਮੰਨ ਹੀ ਨਹੀਂ ਸੀ ਰਹੀ,ਉਸਦੀ ਮਨਮਰਜ਼ੀ ਦੇ ਮੁੰਡੇ ਨਾਲ ਵਿਆਹ ਕਰਵਾ ਲੈਣ ਦੀ ਗੱਲ ਸੀ ।

ਤਾਂਤਰਿਕ ਨੇ ਉਸਦੇ ਸਿਰ ਤੋਂ ਜਿੰਨ ਉਤਾਰਨ ਲਈ ਜੋ ਉਸਨੂੰ ਕਿਸੇ ਮਰਦ ਨਾਲ ਸੰਗ ਕਰਨ ਲਈ ਰੋਕਦਾ ਸੀ ,ਰਾਤ ਭਰ ਉਸ ਦੇ ਕਮਰੇ ਚ ਤਾਂਤਰਿਕ ਵਿਦਿਆ ਚਲਾਈ। ਜਿਸ ਵਿੱਚ ਉਹ ਤੇ ਸਿਰਫ ਅਸ਼ਮਿਤਾ ਸਨ। ਉਸ ਤੰਤਰ ਵਿਦਿਆ ਦੇ ਓਹਲੇ ਲੁਕੇ ਹੋਏ ਸਿਰਫ ਕੁਕਰਮ ਸੀ ਜੋ ਕਿਸੇ ਔਰਤ ਨੂੰ ਅਸਲੀ ਭੋਗ ਦਾ ਮਜ਼ਾ ਸਿਖਾਨ ਲਈ ਕੀਤੇ ਗਏ ਸੀ।

ਪਰ ਜਿੰਨ ਨਾ ਉੱਤਰਿਆ ਹੁਣ ਉਹ ਘਰ ਉੱਚੀ ਉੱਚੀ ਚਿਕਣ ਲੱਗੀ ਰਹੋਂ ਲੱਗ ਜਾਂਦੀ ਤਾਂ ਉਸਦੇ ਮੂੰਹ ਚ ਕਪੜੇ ਤੁੰਨ ਦਿੱਤੇ ਜਾਂਦੇ ।ਉਸਨੂੰ ਬੰਨ੍ਹ ਕੇ ਰਖਿਆ ਜਾਂਦਾ। ਜਿਵੇਂ ਕਿਸੇ ਪਸ਼ੂ ਜਾਨਵਰ ਨੂੰ ਇਨਸਾਨ ਦੀ ਹਰ ਗੱਲ ਮੰਨਣੀ ਪੈਂਦੀ ਹੈ ਉਂਝ ਹੀ ਅਸ਼ਮਿਤਾ ਦੀ ਔਕਾਤ ਕਿਸੇ ਪਸ਼ੂ ਤੋਂ ਵੱਧ ਨਹੀਂ ਸੀ।

ਪਰ ਇੱਕ ਦਿਨ ਸੰਗਲ ਢਿੱਲਾ ਰਿਹਾ। ਇੱਕ ਸੁਸਾਈਡ ਨੋਟ ਲਿਖਕੇ ਉਹ ਸਦਾ ਲਈ ਦੁਨੀਆਂ ਤੋਂ ਉੱਡ ਗਈ।

ਇਹ ਸਭ ਗੱਲਾਂ ਸ਼ੁਭ ਨੂੰ ਸਭ ਕੁਝ ਖਤਮ ਹੋਣ ਤੋਂ ਬਾਅਦ ਪਤਾ ਲੱਗਾ ਸੀ, ਇਹਨੀਂ ਦਿਨੀਂ ਉਹਦਾ ਕੇਸ ਚੱਲ ਰਿਹਾ ਸੀ ਤਾਂਤਰਿਕ ਉਸਦਾ ਕਜਨ ਤੇ ਮਾਪੇ ਆਪਣੇ ਕੀਤੇ ਦੀ ਸਜ਼ਾ ਲਈ ਲਾਈਨ ਚ ਲੱਗੇ ਹੋਏ ਸੀ।

ਜੇਕਰ ਸ਼ੁਭ ਆਪਣੇ ਪੈਰਾਂ ਤੇ ਨਾ ਖੜ੍ਹੀ ਹੁੰਦੀ ਤੇ ਉਸਦਾ ਪਿਆਰ ਸੱਚਾ ਨਾ ਹੁੰਦਾ ਤਾਂ ਮਿੱਟੀ ਹੋਈ ਅਸ਼ਮਿਤਾ ਨੂੰ ਕਦੇ ਇਨਸਾਫ ਨਾ ਮਿਲਦਾ।

....

ਸ਼ਿਵਾਲੀ ਉਸਦੀ ਜਿੰਦਗ਼ੀ ਦਾ ਹਰ ਕਿੱਸਾ ਸੁਣ ਰਹੀ ਸੀ ,ਕਿੰਨਾ ਕੁਝ ਇੰਝ ਦਾ ਹੀ

ਉਸ ਨਾਲ ਹੋਇਆ ਸੀ । ਸ਼ੁਰੂਆਤ ਤੇ ਲੋਕਾਂ ਦੀ ਉਸ ਵੱਲ ਦੀ ਨਜ਼ਰੀਆ ਇਵੇਂ
ਸੀ। ਪਰ ਉਸਨੇ ਵੀ ਬਗਾਵਤ ਕੀਤੀ ,ਪਹਿਲ਼ਾਂ ਤਾਂ ਉਸਦੇ ਘਰ ਕੁਝ ਨਹੀਂ ਸੀ ਪਤਾ
। ਉਸਦੀ ਇੱਕੋ ਹਮਉਮਰ ਸਹੇਲੀ ਸੀ ਜਿਸ ਨਾਲ ਚੜ੍ਹਦੀ ਉਮਰੋਂ ਹੀ ਉਸਨੇ ਇਹ ਸਭ ਕਰਨਾ ਸਿੱਖਿਆ ਸੀ । ਉਸਦੇ ਘਰਦਿਆਂ ਨੇ ਬੜੀ ਛੇਤੀ ਉਸ ਦਾ ਵਿਆਹ ਕਰ ਦਿੱਤਾ ,ਕੁੜੀ ਲਈ ਵਿਆਹ ਤੋਂ ਬਿਨਾਂ ਰਹਿਣਾ ਸੌਖਾ ਨਹੀਂ ਸੀ ਪਰ ਉਸਦੇ ਬਿਮਾਰ ਪਿਤਾ ਦੀ ਖਵਾਹਿਸ਼ ਨੂੰ ਜਿਉਂਦੀ ਉਸਨੂੰ ਸਭ ਛੱਡਣਾ ਪਿਆ ।ਸਦਾ ਲਈ ਵਿੱਛੜ ਗਈ ਸੀ । ਫਿਰ ਇੱਕ ਤੋਂ ਮਗਰੋਂ ਇੱਕ ਊਸਦੀ ਜਿੰਦਗ਼ੀ ਚ ਅੱਡ ਅੱਡ ਟਾਈਮ ਤੇ ਕਈ ਕੁੜੀਆਂ ਜੁੜੀਆਂ ਸੀ।

ਉਹ ਖੁਦ ਵੀ ਕੁੜੀਆਂ ਨੂੰ ਆਪਣੇ ਨਾਲ ਮਜਬੂਰ ਕਰ ਲੈਂਦੀ ਸੀ। ਕਾਲਜ ਵੇਲੇ ਹੀ ਇੱਕ ਨਵੀਂ ਨਵੀ ਆਈ ਕੁੜੀ ਆਪਣੇ ਰੂਮਮੇਟ ਦੇ ਨਾਲ ਹੋਣ ਕਰਕੇ ਉਸ ਕੋਲ ਸੌਂ ਗਈ ਸੀ। ਦੇਰ ਰਾਤ ਤੱਕ ਗੱਲਾਂ ਕਰਦੇ ਉਹ ਜਾਗਦੀਆਂ ਰਹੀਆਂ । ਕੁੜੀ ਤਾਂ ਸੌਂ ਗਈ ਪਰ ਸ਼ਿਵਾਲੀ ਦੇ ਦਿਲ ਚ ਹੋਰ ਹੀ ਕੁਝ ਸੀ।

ਸੁੱਤੀ ਪਈ ਕੁੜੀ ਦੇ ਜਿਸਮ ਨੂੰ ਉਸਨੇ ਪਲੋਸਣਾ ਸ਼ੁਰੂ ਕਰ ਦਿੱਤਾ। ਟੀ ਸ਼ਰਟ ਦੇ ਵਿੱਚੋ ਘੁੰਮਦੇ ਹੱਥ ਹੌਲੀ ਹੌਲੀ ਲੋਅਰ ਵਿੱਚ ਖਿਸਕ ਗਏ । ਕੁੜੀ ਦਾ ਭਾਰ ਮਸੀਂ 40-45 ਕਿਲੋ ਹੋਣਾ ਦੇਖਣ ਨੂੰ ਬੇਹਦ ਪਤਲੀ ਜਿਹੀ ਸੀ। ਨਿੱਕੇ ਨਿੱਕੇ ਅੰਗਾਂ ਨੂੰ ਨਿਚੋੜਨ ਦਾ ਉਸਨੂੰ ਮਜ਼ਾ ਆ ਰਿਹਾ ਸੀ।

ਕੁੜੀ ਦੀ ਅਚਾਨਕ ਜਾਗ ਖੁੱਲ੍ਹੀ ,ਤਾਂ ਉਹ ਉਸਨੂੰ ਬਿਨਾਂ ਕੱਪੜਿਆਂ ਤੋਂ ਮਹਿਸੂਸ ਕਰਕੇ ਤੇ ਆਪਣੇ ਜਿਸਮ ਤੇ ਫਿਰਦੇ ਹੱਥਾਂ ਨੂੰ ਮਹਿਸੂਸ ਕਰਕੇ ਡਰ ਗਈ ਸੀ। ਘਬਰਾ ਕੇ ਬੋਲੀ।

“ਦੀਦੀ ,ਤੁਸੀਂ ਇਹ ਕੀ ਕਰ ਰਹੇ ਹੋ”।

ਸ਼ਿਵਾਲੀ ਨੇ ਬੁੱਲ੍ਹ ਉਸਦੇ ਬੁੱਲਾਂ ਕੋਲ ਲਿਜਾ ਕੇ ਕਿਹਾ,”ਤੈਨੂੰ ਮੋਟੀ ਕਰਨ ਦੀ ਕੋਸ਼ਿਸ਼ ਕਰ ਰਹੀ ਹਾਂ।”ਤੇ ਬੁੱਲਾਂ ਨੂੰ ਬੁੱਲਾਂ ਤੇ ਰੱਖਣ ਦੀ ਕੋਸ਼ਿਸ ਕੀਤੀ।

ਕੁੜੀ ਨੇ ਡਰਦੀ ਹੋਈ ਨੇ ਧੱਕਾ ਮਾਰਿਆ ਤੇ ਆਪਣੇ ਆਪ ਨੂੰ ਸਾਂਭਦੀ ਉਸਦੇ ਕ ...
ਚੋਂ ਬਾਹਰ ਨਿੱਕਲ ਗਈ ।

ਇੱਕ ਵਾਰ ਉਸਨੂੰ ਹਾਸਾ ਆਇਆ ਤੇ ਮਗਰੋਂ ਬਹੁਤ ਬੁਰਾ ਲੱਗਿਆ। ਇਹ ਵੀ ਕਿਸੇ ਦੀ ਇੱਛਾ ਵਿਰੁੱਧ ਕੁਝ ਕਰਨਾ ਇੱਕ ਬਲਾਤਕਾਰ ਵਰਗਾ ਹੀ ਸੀ। ਸਿਰਫ ਮਰਦ ਔਰਤ ਦਾ ਰੇਪ ਕਰੇ ਇਹ ਜਰੂਰੀ ਨਹੀਂ ਆਪਣੀ ਇੱਛਾ ਕਿਸੇ ਉੱਪਰ ਥੋਪਣੀ ਚਾਹੇ ਉਹ ਸੇਮ ਜੈਂਡਰ ਦਾ ਹੋਵੇ ਜਾਂ ਉਲਟ ਬਲਾਤਕਾਰ ਹੀ ਹੈ ,ਭਾਵੇਂ ਇਹ ਇੱਛਾ ਵਿਆਹ ਮਗਰੋਂ ਹੀ ਥੋਪੀ ਜਾਵੇ ।ਪਹਿਲੀ ਵਾਰ ਜਿੰਦਗ਼ੀ ਚ ਉਸਨੂੰ ਖੁਦ ਨਾਲ ਨਫਰਤ ਮਹਿਸੂਸ ਹੋਈ।

ਅਗਲੇ ਹੀ ਦਿਨ ਉਸਨੇ ਉਸ ਕੁੜੀ ਕੋਲੋ ਮਾਫੀ ਮੰਗੀ,ਸਿਰਫ ਉਸ ਦਿਨ ਨਹੀਂ ਸਗੋਂ ਹੋਰ ਵੀ ਬਹੁਤ ਵਾਰ। ਬਹੁਤ ਦੇਰ ਮਗਰੋਂ ਹੀ ਫਿਰ ਉਹ ਕੁੜੀ ਉਸਤੇ ਦੁਬਾਰਾ ਵਿਸ਼ਵਾਸ ਕਰਨ ਲੱਗੀ ਸੀ।

ਉਸਨੂੰ ਉਦੋਂ ਮਹਿਸੂਸ ਹੋਇਆ ਜੇ ਅਸੀਂ ਕਿਸੇ ਦੀ ਜ਼ਾਤੀ ਜ਼ਿੰਦਗੀ ਦੇ ਜਿਊਣ ਦੀ ਕਦਰ ਕਰਾਂਗੇ ਫਿਰ ਹੀ ਸਾਡੀ ਜ਼ਿੰਦਗੀ ਦੀ ਵੀ ਕੋਈ ਕਦਰ ਕਰੇਗਾ । ਇਹ ਹੱਥ ਨੂੰ ਹੱਥ ਹੈ । ਉਸ ਮਗਰੋਂ ਉਹ ਸਿਰਫ ਸੈਕਸ ਚ ਨਹੀਂ ਸਗੋਂ ਜਿੰਦਗ਼ੀ ਦੇ ਹਰ ਫੈਸਲੇ ਚ ਸਾਹਮਣੇ ਵਾਲੇ ਦੀ ਜਗ੍ਹਾ ਖੁਦ ਨੂੰ ਰੱਖਕੇ ਹੀ ਫੈਸਲਾ ਕਰਦੀ ਸੀ।

ਇੱਕ ਹੀ ਰਾਤ ਨੇ ਕਾਫੀ ਕੁਝ ਬਦਲ ਦਿੱਤਾ ਸੀ। ਪਰ ਜਿਸ ਰਾਤ ਨੇ ਉਸਦੀ ਜਿੰਦਗ਼ੀ ਨੂੰ ਬਿਲਕੁੱਲ ਬਦਲ ਦਿੱਤਾ ਸੀ ਉਹ ਇੱਕ ਬਿੱਲਕੁਲ ਵੱਖਰੀ ਰਾਤ ਸੀ।

ਇਸ ਮਗਰੋਂ ਉਸਦੇ ਘਰਦਿਆਂ ਸਾਹਮਣੇ ,ਦੁਨੀਆਂ ਸਾਹਮਣੇ ,ਆਪਣੇ ਦੋਸਤਾਂ ਸਾਹਮਣੇ ਉਸ ਲਈ ਸ਼ਰਮਿੰਦਾ ਹੋਣ ਦੇ ਪਲ ਸੀ । ਇਸ ਘਟਨਾ ਦੀ ਐਨੀ ਸ਼ਰਮਿੰਦਗੀ ਸੀ ਕਿ ਉਸਨੂੰ ਸ਼ਹਿਰ ਵੀ ਛੱਡਣਾ ਪਿਆ ਫਿਰ ਵੀ ਉਸਨੂੰ ਫ਼ਰਕ ਨਹੀਂ ਸੀ ਪਿਆ । ਕਿੰਨਾ ਕੁਝ ਝੱਲਣਾ ਪਿਆ ਸੀ ।ਹੁਣ ਵੀ ਸ਼ੁਭ ਨੂੰ ਦੱਸਦੇ ਦੱਸਦੇ ਉਸਦੀਆਂ ਅੱਖਾਂ ਵਿੱਚ ਹੰਝੂ ਆ ਗਏ ਸੀ।

ਸ਼ਿਵਾਲੀ ਨੂੰ ਇਕਲਾਪਣ ਵੱਢ ਵੱਢ ਖਾਂਦਾ ਸੀ, ਕੁੜੀ ਨਾਲ ਜ਼ਬਰਦਸਤੀ ਕਰਨ ਦੀ ਕੋਸ਼ਿਸ ਮਗਰੋਂ ਉਸਨੇ ਮੁੜ ਕੋਸ਼ਿਸ਼ ਨਾ ਕੀਤੀ। ਊਸਦੀ ਕਿਸੇ ਕੁੜੀ ਨਾਲ ਬਹੁਤੀ ਬਣਦੀ ਨਹੀਂ ਸੀ। ਹੋਰਾਂ ਕੁੜੀਆਂ ਦੀਆਂ ਗੱਲਾਂ ਉਹਨਾਂ ਦੇ ਬੁਆਏਫ੍ਰੈਂਡ ਰੋਣੇ ਧੋਣੇ ਚ ਉਸਨੂੰ ਦਿਲਚਸਪੀ ਨਹੀਂ ਸੀ। ਇਹ ਕੁੜੀਆਂ ਵੀ ਅਜੀਬ ਹੀ ਸੀ ਪਹਿਲ੍ਹਾਂ ਜਿਸ ਮੁੰਡੇ ਦੇ ਦੱਸੀ ਹਰ ਗੱਲ ਨੂੰ ਸੱਚ ਮੰਨ ਕੇ ਤਾਰੀਫਾਂ ਦੇ ਪੁਲ ਨਾ ਬਨਣੋਂ ਨਾ ਹਟਦੀਆਂ ਫਿਰ ਲੜਾਈ ਜਾਂ ਅਸਲ ਸਾਹਮਣੇ ਆਉਣ ਤੇ ਬੁਰਾਈਆਂ । ਫਿਰ ਦੂਸਰੀਆਂ ਕੁੜੀਆਂ ਦੀਆਂ ਚੁਗਲੀਆਂ ,ਕਰੈਕਟਰ ਬਾਰੇ ਟਿੱਪਣੀਆਂ ਤੇ ਗੱਲਾਂ।
ਉਸਨੂੰ ਇਹ ਸਭ ਬੇਹੱਦ ਭੈੜਾ ਲਗਦਾ। ਇਸ ਲਈ ਉਹ ਇੰਟਰਨੈੱਟ ਤੇ ਹੀ ਆਪਣਾ ਸਮਾਂ ਗੁਜ਼ਾਰਨ ਲੱਗੀ। ਉਸਨੇ ਫੇਸਬੁੱਕ ਉੱਪਰ ਵੀ ਅਜਿਹਾ ਹੀ ਕੁਝ ਫੋਲੋ ਕੀਤਾ ਸੀ ਜੋ ਐੱਲ ਜੀ ਬੀ ਟੀ ਲੋਕਾਂ ਦੇ ਸਮੂਹ ਸੀ । ਲੇਸਬੀਅਨ ਕਪਲਜ ਦੇ ਪੇਜ਼ ਲਾਇਕ ਕੀਤੇ। ਉਹਨਾਂ ਨੂੰ ਫੋਲੋ ਕੀਤਾ। ਇੰਝ ਹੀ ਇੱਕ ਵਾਰ ਉਸਨੇ ਇੱਕ ਕਪਲ ਦੀ ਫੋਟੋ ਤੇ ਕਮੈਂਟ ਕੀਤਾ,ਜਿਸ ਵਿੱਚ ਉਹ ਦੋਵੇਂ ਕੁੜੀਆਂ ਬੜੇ ਰੁਮਾਂਟਿਕ ਅੰਦਾਜ਼ ਵਿੱਚ ਇੱਕ ਦੂਸਰੇ ਦੀਆਂ ਅੱਖਾਂ ਚ ਝਾਕ ਰਹੀਆਂ ਸੀ।
ਇਹੋ ਫੋਟੋ ਉਠਾ ਕੇ ਉਸਨੇ ਆਪਣੀ ਇਸ ਆਈਡੀ ਤੇ ਲਗਾ ਲਈ ਇਹ ਆਈਡੀ ਚ ਉਸ ਨੂੰ ਨਾ ਜਾਨਣ ਤੇ ਪਛਾਨਣ ਵਾਲੇ ਐਡ ਸੀ।ਜਿਉਂ ਹੀ ਉਸਨੇ ਕਮੈਂਟ ਕੀਤਾ ਤਾਂ ਪ੍ਰੋਫਾਈਲ ਬੰਦ ਕਰਕੇ ਕੁਝ ਕੰਮ ਕਰਨ ਲੱਗੀ ।
ਰਾਤੀ ਸੌਣ ਲੱਗੀ ਤਾਂ ਦੁਬਾਰਾ ਪ੍ਰੋਫਾਈਲ ਚੈੱਕ ਕੀਤੀ। ਉਸਦਾ ਪ੍ਰੋਫਾਈਲ ਫਰੈਂਡ ਰਿਕੁਐਸਟਾਂ ਨਾਲ ਭਰਿਆ ਪਿਆ ਸੀ। ਉਹ ਹੈਰਾਨ ਸੀ ਕਿ ਇੰਝ ਐਨੀਆਂ ਫਰੈਂਡ ਰਿਕੁਐਸਟਾਂ ਆਈਆਂ ਕਿੱਥੋਂ ?
ਇੱਕ ਇੱਕ ਕਰਕੇ ਉਹ ਫਰੋਲਦੀ ਗਈ ਕੁਝ ਇੱਕ ਪ੍ਰੋਫ਼ਾਈਲ ਦੇਖੇ । ਮੁੰਡਿਆਂ ਤੇ ਕੁੜੀਆਂ ਦੋਵਾਂ ਦੀਆਂ ਸੀ। ਪ੍ਰੋਫਾਈਲ ਚ ਉਸਨੇ ਵੇਖਿਆ ਕਿ ਬਹੁਤਿਆਂ ਦੇ ਪੇਜ਼ ਲਾਇਕਸ ਵਿੱਚ ਐੱਲ ਜੀ ਬੀ ਟੀ ਜਾਂ ਹੋਰ ਵੀ ਗੰਦੇ ਗੰਦੇ ਨਾਵਾਂ ਵਾਲੇ ਪੇਜ਼ ਲਾਇਕ

ਕੀਤੇ ਹੋਏ ਸੀ। ਫਿਰ ਉਸਦੇ ਧਿਆਨ ਵਿਚ ਆਇਆ ਕਿ ਇਹ ਤਾਂ ਉਸ ਕਮੈਂਟ ਕਰਕੇ ਹੋਇਆ ਹੈ ਜੋ ਉਸਨੇ ਸੈਲੀਬ੍ਰਿਟੀ ਪੇਜ਼ ਤੇ ਕੀਤਾ ਸੀ। ਇਸਦਾ ਕਦੇ ਉਸਨੂੰ ਖਿਆਲ ਹੀ ਨਹੀਂ ਸੀ ਆਇਆ।

ਉਸਨੇ ਕੱਲੀ ਕੱਲੀ ਰਿਕੁਐਸਟ ਵੇਖੀ ,ਮੁੰਡੇ ਦੀ ਰਿਕੁਐਸਟ ਨੂੰ ਡਿਲੀਟ ਕਰਕੇ ਬਲੋਕ ਮਾਰਦੀ ਗਈ ਜੋ ਕੁੜੀ ਦੀ ਦਿਖੀ ਉਹ ਅਸੈਪਟ ਕਰਦੀ ਗਈ ।ਉਸਨੂੰ ਐਨੀ ਕੁ ਸਮਝ ਤਾਂ ਸੀ ਕਿ ਇਹ ਹਮਖਿਆਲੀ ਕੁੜੀਆਂ ਹੋਣਗੀਆਂ।

ਕਿਰਨਦੀਪ ਨਾਮ ਦੀ ਇੱਕ ਕੁੜੀ ਦੀ ਰਿਕੁਐਸਟ ਅਸੈਪਟ ਕੀਤੀ ਹੀ ਸੀ ,ਕਿ ਤੁਰੰਤ ਹੀ ਮੈਸੇਜ ਪੌਪ ਅੱਪ ਹੋਇਆ।

“ਹਾਏ,ਸ਼ਿਵਾਲੀ ਕਯਾ ਤੁਮ ਲੇਸਬੀਅਨ ਹੋ “।

ਉਹ ਹਲੇ ਸੋਚ ਹੀ ਰਹੀ ਸੀ ਕਿ ਜਵਾਬ ਦੇਵੇ ਅਗਲੇ ਹੀ ਪਲ ਮੈਸੇਜ ਚ ਤਸਵੀਰ ਆ ਗਈ।

“ਯੇ ਮੈਂ ਹੂੰ ਅਗਰ ਇੰਟਰਸਟਡ ਹੋ ਤੋ ਬਤਾਓ।”

ਕੋਈ 30-35 ਕੁ ਸਾਲਾਂ ਦੀ ਔਰਤ ਦੀ ਫੋਟੋ ਸੀ। ਪੂਰੇ ਕਸਵੇਂ ਜਿਹੇ ਕੱਪੜਿਆਂ ਵਿੱਚ ਫੋਟੋ ਸੀ,ਚਿਹਰੇ ਤੇ ਕਾਮੁਕ ਭਰੀ ਮੁਸਕਾਨ ਸੀ। ਉਸਨੇ ਇੱਕ ਵਾਰ ਪ੍ਰੋਫਾਈਲ ਵੇਖਿਆ । ਪ੍ਰੋਫਾਈਲ ਉੱਤੇ ਫੋਟੋ ਨਹੀਂ ਸੀ ਕੋਈ ਵੀ । ਫਿਰ ਉਸਨੇ ਦੁਬਾਰਾ ਫੋਟੋ ਨੂੰ ਜ਼ੂਮ ਕਰਕੇ ਵੇਖਿਆ। ਪੂਰੇ ਧਿਆਨ ਨਾਲ ਉਸਦੇ ਸਰੀਰ ਦਾ ਜਾਇਜ਼ਾ ਲਿਆ। ਉਹਨਾਂ ਔਰਤਾਂ ਵਰਗੀ ਸੀ ਜਿਹਨਾਂ ਵੱਲ ਸ਼ਿਵਾਲੀ ਦਾ ਦਿਲ ਅਕਸਰ ਖਿੱਚਿਆ ਜਾਂਦਾ ਸੀ।

ਅਣਜਾਣਪੁਣੇ ਦਾ ਡਰ ਸੀ ,ਹਲੇ ਵੀ ਉਸਦੇ ਮਨ ਚ ਦੋਚਿੱਤੀ ਸੀ। ਉਹ ਕੁਝ ਵੀ ਕਹਿੰਦੀ ਕਿ ਅਗਲਾ ਮੀਸੇਜ ਫਿਰ ਆ ਗਿਆ,” ਇਤਨੀ ਬੁਰੀ ਲਗੀ ਕਯਾ ਮੈਂ ਕਿ ਏਕ ਮੈਸੇਜ ਵੀ ਨਹੀਂ “.

ਇਸ ਵਾਰ ਸ਼ਿਵਾਲੀ ਦਾ ਮਨ ਡੋਲ ਗਿਆ।

ਉਸਨੇ ਜਵਾਬ ਦਿੱਤਾ , ਨੰਗੀ ਬਹੁਤ ਸੋਹਣੀ ਹੈ ਪਰ ਇੰਟਰਨੈੱਟ ਦੇ ਦੂਸਰੇ ਪਾਸੇ ਕੌ ...
ਹੈ ਇਸਦਾ ਯਕੀਨ ਨਹੀਂ ਕੀਤਾ ਜਾ ਸਕਦਾ “.

ਉਸਨੇ ਇੰਨਾ ਕੁ ਹੀ ਕਿਹਾ ਸੀ ਜਵਾਬ ਚ ਜਵਾਬ ਚ ਦੂਸਰੇ ਪਾਸੇ ਤੋਂ 5-7 ਫੋਟੋਆਂ ਕੱਠੀਆਂ ਆ ਗਈਆਂ । ਉਹੀ ਕੁੜੀ ,ਪਰ ਜਿਸਮ ਦੇ ਹੋਰ ਵੀ ਨੇੜੇ ਤੋਂ ਅਲੱਗ ਪੋਜ਼ ਵਿੱਚ ਕੁਝ ਚ ਅੰਦਰ ਦੀ ਖੂਬਸੂਰਤੀ ਦਿਖਾਉਣ ਦੀ ਕੋਸ਼ਿਸ ਕੁਝ ਚ ਅੱਖਾਂ ਦੇ ਦੋ ਅਰਥੀ ਇਸ਼ਾਰੇ ।

ਨਾਲ ਹੀ ਇੱਕ ਵੁਇਆਸ ਮੈਸੇਜ,”ਇਹ ਫੋਟੋਆਂ ਵੇਖ ਕੇ ਤਾਂ ਤੁਹਾਨੂੰ ਨੀਂਦ ਨਹੀਂ ਆਏਗੀ ।”

ਸੱਚੀ ਚ ਸ਼ਿਵਾਲੀ ਦੇ ਮਨ ਨੂੰ ਕਿਰਨ ਭਾਅ ਗਈ ਸੀ। ਉਸਨੇ ਕਿਰਨ ਦੀ ਦੋਸਤੀ ਸਵੀਕਾਰ ਕਰ ਲਈ । ਇੱਕ ਇੱਕ ਕਰਕੇ ਭੇਦ ਖੁੱਲ੍ਹਦੇ ਗਏ

ਸ਼ਿਵਾਲੀ ਨੇ ਆਪਣੀ ਪੂਰੀ ਕਹਾਣੀ ਉਸ ਅੱਗੇ ਖੋਲ੍ਹ ਕੇ ਰੱਖ ਦਿੱਤੀ ਸੀ। ਇਹੋ ਕੁਝ ਕਿਰਨ ਨੇ ਕੀਤਾ । ਨਿੱਕੇ ਨਿੱਕੇ ਭੇਦ ਅੰਦਰਲੀਆਂ ਗੱਲਾਂ ,ਆਪਣੇ ਅਨੁਭਵ ਦੱਸਦੀਆਂ ਰਹੀਆਂ । ਦੱਸਦੇ ਦੱਸਦੇ ਹੀ ਉਸਦਾ ਮੂਡ ਬਣ ਗਿਆ ਸੀ। ਪਹਿਲੀ ਵਾਰ ਉਸਨੇ ਕਿਸੇ ਅਨਜਾਣ ਕੁੜੀ ਨਾਲ ਚੈਟ ਚ ਇੰਝ ਕੀਤਾ ਸੀ ਜਿਉਂ ਜਿਉਂ ਚੈਟ ਵੱਧਦੀ ਗਈ ਉਸਦੀਆਂ ਫੋਟੋਆਂ ਭੇਜਣ ਦੀ ਰਫਤਾਰ ਵੀ ਜਿਸ ਚ ਕੱਪੜੇ ਘੱਟਦੇ ਘੱਟਦੇ ਖ਼ਤਮ ਹੋ ਗਏ ਸੀ।

ਤੇ ਕਿਤੇ ਕਿਤੇ ਵਿੱਚ ਕਾਮੁਕ ਭਰੀ ਆਵਾਜ਼ ਵਿੱਚ ਕੋਈ ਵੁਐਸ ਮੈਸੇਜ। ਸ਼ਿਵਾਲੀ ਲਈ ਇਹ ਸੱਚਮੁੱਚ ਬਹੁਤ ਮਜ਼ੇਦਾਰ ਰਾਤ ਸੀ । ਦੇਰ ਰਾਤ ਤੱਕ ਕਿੰਨੀਂ ਵਾਰ ਉਹਨਾਂ ਨੇ ਇਹੋ ਕੁਝ ਕੀਤਾ।

ਫਿਰ ਟਾ ਜਿਵੇਂ ਸ਼ਿਵਾਲੀ ਨੂੰ ਕਿਰਨ ਦੀਆਂ ਗੱਲਾਂ ਤਸਵੀਰਾਂ ਤੇ ਆਵਾਜ਼ ਦੀ ਚਾਟ ਲੱਗ ਗਈ ਹੋਵੇ ।ਉਸਨੂੰ ਕਾਹਲੀ ਹੁੰਦੀ ਕਦੋਂ ਹੋਸਟਲ ਜਾਏ ਰੂਮ ਚ ਕੱਲੀ ਹੋਏ ਤੇ ਕਿਰਨ ਨਾਲ ਗੱਲਾਂ ਕਰੇ।ਇੱਕੋ ਗੱਲ ਵਧੀਆ ਨਹੀਂ ਸੀ ਕਿ ਉਹ ਫੋਨ ਤੇ ਗੱਲ ਨਾ

ਕਰਦੀ ਸੀ ,ਘਰ ਚ ਸੱਸ ਸਹੁਰਾ ਬੱਚੇ ਸਨ ਤੇ ਹਸਬੈਂਡ ਵੀ ਹੁੰਦਾ ।ਪਰ ਇਸ ਦੀ ...
ਕਮੀ ਉਹ ਕੋਈ ਵੀਡੀਓ ਬਣਾ ਕੇ ਭੇਜ ਦਿੰਦੀ ਜਾਂ ਫੋਟੋ ਜਾਂ ਵੁਐਸ ਨੋਟ । ਉੱਪਰੋਂ ਲੇਸਬੀਅਨ ਵੀਡੀਓ ਸਟੋਰੀਜ਼ ਫੋਟੋਆਂ ਦਾ ਖਜ਼ਾਨਾ ਉਸ ਕੋਲ ਸੀ। ਦਿਨਾਂ ਚ ਹੀ ਇੱਕ ਦੂਸਰੇ ਦੀਆਂ ਰਾਜਦਾਰ ਹੋ ਗਈਆਂ ਸੀ। ਐਨਾ ਵਿਸ਼ਵਾਸ ਤਾਂ ਕਿਸੇ ਸਾਲਾਂ ਦੇ ਪ੍ਰੇਮੀ ਜੋੜੇ ਚ ਨਹੀਂ ਸੀ ਹੁੰਦਾ । **#harjotdikalam (https://www.facebook.com/hashtag/harjotdikalam?__eep__=6&source=feed_text&epa=HASHTAG&__xts__%5B0%5D=68.ARAji_kFAPlQbasG2N2i-U3mzqPDZheJ4zmgNUHCRmTVAgnY8iHp5TONes1ZfonX79Jk6IlEiUxjkNar93-a6bvX9nnrenmDmVgO3AzAFU4a3DPekXDN4JMRJzQih-F7k42qUdpOFFTlsTXwtrLF4Z2120PJyLOkLUnSlDW9Y1JAqH3Uzrfiw6Pd17ZKuVWdScP8qu_99XXCZHJa9mb36FpTA9xz5h1m2NAE-8mhBBRNs9Knjk3oAiDNfEcjwaWpP3bgtr3ckJMz4cUEPYdN7ua6CD3jTzEkNjxxXXZNK3NThdkb4Dw3BcmMztO2K8NgDo4wsAa-UPGrTrmvfWqBMUo&__tn__=%2ANK-R)**

ਉਹ ਮੈਸੇਜ ਚ ਬਹੁਤਾ ਹਿੰਦੀ ਬੋਲਦੀ।ਹਿੰਦੀ ਬੋਲਦੀਆਂ ਕੁੜੀਆਂ ਨਾਲ ਗੱਲ ਕਰਦੇ ਆਦਤ ਬਣ ਗਈ ਦੱਸਦੀ ਸੀ । ਪਰ ਜਿਵੇ ਵੀ ਬੋਲਦੀ ਸੀ ਉਸਦੇ ਧੁਰ ਅੰਦਰ ਨੂੰ ਜਿਵੇਂ ਹਿਲਾ ਦਿੰਦੀ ਹੋਵੇ ।

ਹਫ਼ਤਾ ਵੀ ਨਹੀਂ ਸੀ ਬੀਤਿਆ ,ਜਿਸ ਦਿਨ ਸ਼ਿਵਾਲੀ ਨੂੰ ਉਸਨੇ ਪੁੱਛਿਆ,"ਮੁਝ ਪੇ

ਅਭੀ ਯਕੀਨ ਨਹੀਂ ਹੂਆ ਇਕ ਵਾਰ ਵੀ ਕੋਈ ਪਿਕ ਨਹੀਂ ਭੇਜੀ ਆਪਨੇ . ...
ਸ਼ਿਵਾਲੀ ਨੂੰ ਪਹਿਲੀ ਵਾਰ ਆਪਣੇ ਆਪ ਦੀ ਹੇਠੀ ਮਹਿਸੂਸ ਹੋਈ । ਐਤਵਾਰ ਦਾ ਦਿਨ ਸੀ,ਸਵੇਰ ਤੋਂ ਫੋਟੋਆਂ ਭੇਜਣ ਦਾ ਸਿਲਸਿਲਾ ਸ਼ੁਰੂ ਹੋਇਆ ਤਾਂ ਸ਼ਾਮ ਤੱਕ ਸ਼ਿਵਾਲੀ ਦੀ ਹਰ ਪੋਜ਼ ਵਿੱਚ ਕੱਪੜਿਆਂ ਸਮੇਤ ਤੇ ਕੱਪੜਿਆਂ ਤੋਂ ਬਿਨਾ ਤਸਵੀਰ ਉਸ ਕੋਲ ਚਲੇ ਗਈ ਸੀ । ਕਲੋਜ ਅੱਪ ਵੀਡੀਓਜ਼ ਬਣਾ ਬਣਾ ਕੇ ਭੇਜੇ। ਇਹੋ ਰਿਸਪਾਂਸ ਦੂਸਰੇ ਪਾਸਿਓਂ ਸੀ।
ਇਹੋ ਦਿਨ ਸੀ ਜਦੋਂ ਉਹਨਾਂ ਨੇ ਅਗਲੇ ਹਫ਼ਤੇ ਮਿਲਣ ਦਾ ਪਲੈਨ ਬੁਣਿਆ ਸੀ। ਕਿਰਨ ਨੇ ਸ਼ਾਇਦ ਕਿਸੇ ਕੰਮ ਉਸਦੇ ਸ਼ਹਿਰ ਅਉਣਾ ਸੀ। ਕੁਝ ਘੰਟਿਆਂ ਲਈ ਉਸ ਕੋਲ ਹੋਸਟਲ ਆ ਸਕਦੀ ਸੀ....
ਇੱਕ ਹਫਤੇ ਚ ਉਹ ਉਡੀਕ ਉਡੀਕ ਚ ਮਿਲਣ ਦੇ ਚਾਅ ਚ ਜੋ ਕੁਝ ਕਰ ਸਕਦੀਆਂ ਸੀ ਕੀਤਾ। ਹਜਾਰ ਨਹੀਂ ਤਾਂ ਸੈਂਕੜੇ ਫੋਟੋਆਂ ਵੀਡੀਓ ਚੈਟ ਆਦਿ ਇੱਕ ਦੂਸਰੇ ਨਾਲ ਸ਼ੇਅਰ ਹੋ ਚੁੱਕਾ ਸੀ। ਐਨੇ ਵਿਸ਼ਵਾਸ਼ ਸੀ ਦੋਵਾਂ ਨੂੰ ਇੱਕ ਦੂਸਰੇ ਉੱਪਰ। ਸ਼ੁਕਰਵਾਰ ਸਵੇਰੇ ਸ਼ਿਵਾਲੀ ਉੱਠੀ ਹੀ ਸੀ,ਕਿ ਵਟਸਐਪ ਚੈੱਕ ਕੀਤਾ, ਇੱਕ ਅਣਜਾਣ ਨੰਬਰ ਤੋਂ ਕਿੰਨੇ ਹੀ ਮੈਸੇਜ ਆਏ ਹੋਏ ਸੀ।
ਉਸਨੇ ਤਸਵੀਰਾਂ ਤੇ ਵੀਡੀਓ ਡਾਊਨਲੋਡ ਕੀਤੇ ਉਸਦੇ ਹੋਸ਼ ਹੀ ਉੱਡ ਗਏ। ਇਹ ਤਾਂ ਉਸਦੀਆਂ ਤਸਵੀਰਾਂ ਤੇ ਵੀਡੀਓਜ਼ ਸੀ ਜੋ ਉਸਨੇ ਕਿਰਨ ਨੂੰ ਭੇਜੀਆਂ ਸੀ !!!!
ਉਸਦੇ ਨਾਲ ਹੀ ਅਕਾਊਂਟ ਨੰਬਰ ਦੇ ਨਾਲ ਪੈਸਿਆਂ ਦੀ ਮੰਗ ਸੀ,ਨਾ ਦੇਣ ਤੇ ਲੀਕ ਕਰਨ ਦੀ ਧਮਕੀ ਸੀ, ਉਸਨੇ ਫਟਾਫਟ ਕਿਰਨ ਨੂੰ ਕਾਲ ਲਗਾਈ ਉਸਨੇ ਕੱਟ ਕਰ ਦਿੱਤੀ ।ਤੇ ਮੈਸੇਜ ਕੀਤਾ ਕਿ ਵੇਟ । ਪਰ ਉਸਨੇ ਸਕ੍ਰੀਨ ਸ਼ੌਟ ਲੈ ਕੇ ਭੇਜ ਦਿੱਤੇ ਕਿ ਇਹ ਫੋਟੋਆਂ ਭੇਜ ਕੇ ਧਮਕੀ ਆਈ ਹੈ।
ਅੱਗਿਓ ਕਿਰਨ ਨੇ ਵੀ ਉਸੇ ਤਰ੍ਹਾਂ ਦਾ ਸਕ੍ਰੀਨ ਸ਼ੌਟ ਭੇਜਿਆ ਸੀ ਉਸਨੂੰ ਵੀ ਇਹੋ ਮੈਸੇਜ ਆਇਆ ਹੋਇਆ ਸੀ।

ਨਾਲ ਹੀ ਦੱਸਿਆ ਕਿ ਉਸਦੀ ਆਈਡੀ ਹੈਕ ਹੋ ਗਈ ਸੀ। ਕਿਸੇ ਨੇ ਫੋਟੋਆਂ ਚੁ
ਲਈਆਂ । ਸ਼ਿਵਾਲੀ ਦੇ ਤਾਂ ਹੋਸ਼ ਫਾਖਤਾ ਹੋ ਗਏ ਸੀ। ਉਸਨੇ ਉਸ ਨੰਬਰ ਤੇ ਕਾਲ ਲਗਾਈ । ਲੁਧਿਆਣੇ ਦਾ ਨੰਬਰ ਸ਼ੋ ਹੋਇਆ ਸੀ ।ਪਰ ਬੰਦ ਸੀ ਵਟਸਐਪ ਤੇ ਕਾਲ ਲਗਾਈ ਤਾਂ ਕੁਝ ਰਿੰਗਾਂ ਮਗਰੋਂ ਕਾਲ ਚੱਕ ਹੀ ਹੋ ਗਈ ।

ਅੱਗਿਓ ਇੱਕ ਰੋਹਬਦਾਰ ਆਵਾਜ਼ ਆਈ ਕਿ ਜੇ ਸ਼ਾਮ ਤੱਕ ਪੈਸੇ ਨਾ ਹੋਏ ਤਾਂ ਸਮਝੀ ਫੋਟੋਆਂ ਲੀਕ .....

ਸ਼ਿਵਾਲੀ ਰੋਈ ਮਿੰਨਤਾਂ ਕੀਤੀਆਂ ਪਰ ਕੋਈ ਅਸਰ ਨਾ ਹੋਇਆ ।ਦੁਪਹਿਰ ਤੋਂ ਬਾਅਦ ਫਿਰ ਮੈਸੇਜ ਆਇਆ ।ਉਹ ਕਿਰਨ ਨਾਲ ਲੜ੍ਹਦੀ ਰਹੀ ਉਹ ਖੁਦ ਵੀ ਦੁਖੀ ਲੱਗ ਰਹੀ ਸੀ ਉਸਦੇ ਕੋਲ ਘਰਵਾਲੇ ਤੋਂ ਪੁੱਛੇ ਬਿਨਾ ਪੈਸੇ ਦੇਣੇ ਸੌਖੇ ਨਹੀਂ ਸੀ ।

ਇੱਕ ਦੋ ਕੁੜੀਆਂ ਤੋਂ ਉਧਾਰ ਲੈ ਕੇ ਤੇ ਕੁਝ ਪੈਸੇ ਘਰਦਿਆਂ ਤੋਂ ਮੰਗਵਾ ਕੇ ਉਸਨੇ ਸ਼ਾਮ ਤੱਕ ਪੈਸੇ ਭੇਜ ਹੀ ਦਿੱਤੇ।

ਮੈਸੇਜ ਕਰਕੇ ਉਸਨੂੰ ਫੋਟੋਆਂ ਡਿਲੀਟ ਕਰਨ ਲਈ ਕਿਹਾ। ਪਰ ਉਸ ਬੰਦੇ ਦੇ ਸੁਰ ਹੀ ਬਦਲ ਗਏ ਉਹ ਸਮਝ ਗਿਆ ਸੀ ਕਿ ਹੁਣ ਇਹ ਡਰ ਗਈ ਤੇ ਜੋ ਕਹੋਗੇ ਕਰੇਗੀ।

ਉਸ ਅੱਗੇ ਨਵਾਂ ਸਿਆਪਾ ਸ਼ੁਰੂ ਹੋ ਗਿਆ ਪੈਸਿਆਂ ਤੱਕ ਠੀਕ ਸੀ ਪਰ ਮਿਲਣ ਦੀ ਗੱਲ ਕਿਵੇਂ ਹੋ ਸਕਦੀ।

ਉਹ ਮਨਾ ਕਰਨ ਲੱਗੀ ਤੇ ਮਿੰਨਤਾਂ ਕਰਨ ਲੱਗੀ। ਪਰ ਅੱਗਿਓ ਉਹ ਗੰਦਾ ਮੰਦਾ ਬੋਲਣ ਲੱਗਾ, ਕਿ ਕੇਰਾਂ ਕਰਕੇ ਵੇਖ ਕੁੜੀ ਦਾ ਚਸਕਾ ਭੁੱਲ ਜਾਏਗੀ ਚੈਟ ਤੇ ਉੰਗਲੀਆਂ ਨਾਲ ਕੁਝ ਨਹੀਂ ਬਣਨਾ । ਜਿਵੇਂ ਉਹ ਗੱਲਾਂ ਚ ਹੀ ਫੋਟੋਆਂ ਦੇਖ ਕੇ ਰੇਪ ਕਰ ਰਿਹਾ ਹੋਵੇ ।ਉਸਨੇ ਫੋਨ ਕੱਟ ਦਿੱਤਾ ।ਸਭ ਗੱਲ ਕਿਰਨ ਨੂੰ ਦੱਸੀ । ਅੱਗਿਓ ਇਹੋ ਕੁਝ ਉਸ ਨਾਲ ਹੋਇਆ ਸੀ। ਦੋਂਵੇਂ ਦੁਖੀ ਸੀ ,ਇੱਕ ਦੂਸਰੇ ਦਾ ਦੁੱਖ

ਵਡਾਉਦ ਰਹ।

ਯਹ ਸਬ ਮੇਰੀ ਵਜੇ ਸੇ ਹੂਆ ਚਲੋ ਮੈਂ ਅਪਕੋ ਚੀਅਰ ਅੱਪ ਕਰਤੀ ਹੰ “.

ਉਸਨੇ ਆਪਣੀ ਫੋਟੋ ਭੇਜੀ ਬਿਨਾ ਕੁਝ ਪਾਏ ਹੋਏ ।

ਪਹਿੱਲੀ ਵਾਰ ਫੋਟੋ ਨੂੰ ਵੇਖ ਸ਼ਿਵਾਲੀ ਨੂੰ ਅਜੀਬ ਲੱਗਾ। ਭਲਾ ਆਪਣੀ ਹੀ ਕਿਸੇ ਫੋਟੋ ਨੂੰ ਫਾਰਵਰਡ ਕਰਨ ਦੀ ਕੀ ਲੋੜ ਸੀ !!!

ਇੱਕ ਦਮ ਉਸਦਾ ਮੱਥਾ ਠਣਕਿਆ ,ਉਸਨੇ ਪਿਛਲੇ ਮੈਸੇਜ ਵੇਖੇ ਬਹੁਤੇ ਫਾਰਵਰਡ ਹੀ ਕੀਤੇ ਹੋਏ ਸੀ। ਉਸਨੇ ਕਿਰਨ ਦਾ ਨੰਬਰ ਟਰੂ ਕਾਲਰ ਤੇ ਸਰਚ ਕੀਤਾ ਇਹ ਵੀ ਲੁਧਿਆਣਾ ਹੀ ਦੱਸ ਰਿਹਾ ਸੀ। ਬੈਂਕ ਦਾ ਆਈ ਐੱਫ ਸੀ ਕੋਡ ਵੀ ਓਥੋਂ ਦਾ ਸੀ ਉਸਨੂੰ ਕੁਝ ਸ਼ੱਕ ਹੋਇਆ ਵੁਐਸ ਮੈਸੇਜ ਚ ਪੰਜਾਬੀ ਉਂਝ ਹਿੰਦੀ !!!10 ਦਿਨਾਂ ਚ ਇੱਕ ਵੀ ਵਾਰ ਫੋਨ ਤੇ ਗੱਲ ਨਹੀਂ ਸੀ ਹੋਈ ।ਪਰ ਇਹ ਸਭ ਸਿਰਫ ਸ਼ੱਕ ਪੈਦਾ ਕਰ ਸਕਦਾ ਸੀ ਸੱਚਾਈ ਤਾਂ ਗੱਲ ਕਰਕੇ ਜਾਂ ਵੀਡੀਓ ਕਾਲ ਤੇ ਹੀ ਸਾਹਮਣੇ ਆ ਸਕਦੀ ਸੀ। ਕਿਉਂਕਿ ਕਿਰਨ ਨੇ ਵੀਡੀਓਜ਼ ਵੀ ਤਾਂ ਭੇਜੀਆਂ ਸੀ ।

ਅਚਾਨਕ ਹੀ ਉਸਦੇ ਦਿਮਾਗ ਚ ਅਲੱਗ ਖਿਆਲ ਆਇਆ । ਪੈਸੇ ਮੰਗਣ ਵਾਲੇ ਦੀਆਂ ਭੇਜੀਆਂ ਵੀਡੀਓਜ਼ ਤੇ ਫੋਟੋਆਂ ਦੁਬਾਰਾ ਦੇਖੀਆਂ।

ਇਸ ਵਿੱਚ ਕਈ ਫੋਟੋਆਂ ਤੇ ਵੀਡੀਓਜ਼ ਉਸਨੂੰ ਯਾਦ ਆਇਆ ਕਿ ਵਟਸਐਪ ਤੇ ਭੇਜੀਆਂ ਸੀ !!!!

ਜੇ ਹੈਕ ਫੇਸਬੁੱਕ ਹੋਈ ਤਾਂ ਵਟਸਐਪ ਦੀਆਂ ਵੀਡੀਓਜ਼ ਕਿਵੇਂ ਚਲੇ ਗਈਆਂ ।

ਉਸਨੂੰ ਕੋਈ ਸ਼ੱਕ ਨਾ ਰਿਹਾ ਕਿ ਕਿਰਨ ਤੇ ਉਹ ਬਲੈਕਮੇਲਰ “ਜਸਵਿੰਦਰ ਨਾਮ ਦੇ ਬੈਂਕ ਅਕਾਊਂਟ ਵਾਲਾ ਇੱਕ ਹੀ ਹਨ ।

ਉਸਨੇ ਗੁੱਸੇ ਚ ਸਭ ਮੈਸੇਜ ਕਰ ਦਿੱਤੇ ਵਾਰ ਵਾਰ ਫੋਨ ਕਰਨ ਲੱਗੀ । ਕਿਰਨ ਉਰਫ ਜਸਵਿੰਦਰ ਨੂੰ ਸਮਝ ਆ ਗਈ ਕਿ ਭਾਂਡਾ ਭੱਨਿਆ ਗਿਆ ਇਸ ਲਈ ਹੁਣ ਉਸਨੇ ਕਿਰਨ ਵਾਲੇ ਨੰਬਰ ਤੋਂ ਵੀ ਕਾਲ ਪਿੱਕ ਕਰ ਲਈ ।ਫੇਰ ਉਹੀ ਧਮਕੀਆਂ

ਦਣ ਲਗਾ।

ਸ਼ਿਵਾਲੀ ਨੇ ਮਿਲਣ ਤੋਂ ਨਾ ਕਰ ਦਿੱਤੀ ,ਜੋ ਕਦ ਸਕਦੈ ਕਰ ਲੈ ।ਉਸਨੇ ਫੈਸਲਾ ਕਰ ਲਿਆ ਜੋ ਹੋਊ ਦੇਖੀ ਜਾਊਗਾ।

ਪਰ ਅਗਲੇ ਹੀ ਦਿਨ ਪਹਿਲਾ ਨਤੀਜਾ ਆ ਗਿਆ। ਉਸਦੀਆਂ ਅੱਧ ਕੱਪੜਿਆਂ ਵਾਲੀਆਂ ਫੋਟੋਆਂ ਕਿਸੇ ਪੇਜ਼ ਤੇ ਪੋਸਟ ਕਰਵਾ ਕੇ ਉਸਨੂੰ ਲਿੰਕ ਭੇਜ ਦਿੱਤਾ।ਕਿ ਬਾਕੀ ਆਉਂਦੇ ਐਤਵਾਰ ਮਗਰੋਂ ਬਿਨਾਂ ਕੱਪੜਿਆਂ ਤੋਂ । ਜਿਸਨੂੰ ਚਾਹੀਦੀਆਂ ਉਹ ਵਟਸਐਪ ਨੰਬਰ ਦੇ ਦੇਵੇ ।

ਕਮੈਂਟਾਂ ਵਿੱਚ ਹਜਾਰਾਂ ਹੀ ਜਣਿਆ ਦੇ ਕਮੈਂਟ ਆਏ ਹੋਏ ਸੀ । ਕੀ ਬੱਚੇ ਕੀ ਬੁਢੇ ਕੀ ਨੌਜਵਾਨ ਸਭ ਆਪਣਾ ਆਪਣਾ ਵਟਸਐਪ ਨੰਬਰ ਦੇ ਕੇ ਫੋਟੋਆਂ ਮੰਗ ਰਹੇ ਸੀ। ਇਸ ਗੱਲ ਤੋਂ ਅਣਜਾਣ ਕਿ ਅਜਿਹਾ ਕਦੇ ਵੀ ਕੁਝ ਉਹਨਾਂ ਦੀ ਕਿਸੇ ਨਜ਼ਦੀਕੀ ਨਾਲ ਵੀ ਹੋ ਸਕਦਾ ਸਮਾਂ ਬੜਾ ਕੁੱਤੀ ਸ਼ੈਅ ਹੈ ।ਜਰੂਰੀ ਨਹੀਂ ਕਿ ਇਹ ਕਿਤੋਂ ਭੇਜੀਆਂ ਹੋਇਆਂ ਚੁੱਕੀਆਂ ਜਾਣ ਹੈਕ ਕਰਕੇ ਕੱਢਕੇ ਵੀ ਕੋਈ ਇੰਝ ਹੀ ਤੁਹਾਡੇ ਜਾਣ ਪਛਾਣ ਨੂੰ ਇੰਝ ਹੀ ਹਜਾਰਾਂ ਹੀ ਮਰਦਾਂ ਚ ਨਿਲਾਮ ਕਰ ਸਕਦਾ ਹੈ।

ਸ਼ਿਵਾਲੀ ਲਈ ਇੱਕ ਪਾਸੇ ਖੂਹ ਦੂਜੇ ਪਾਸੇ ਖਾਈ ਸੀ। ਉਸਨੇ ਹਰ ਹੀਲੇ ਇਸ ਵਿੱਚੋਂ ਨਿਕਲਣ ਦੀ ਸੋਚੀ ,ਉਹ ਆਪਣੇ ਜਿਸਮ ਨੂੰ ਕਿਸੇ ਐਸੇ ਇਨਸਾਨ ਦੇ ਹਵਾਲੇ ਨਹੀਂ ਸੀ ਕਰਨ ਲੱਗੀ ਜਿਸਨੂੰ ਕਦਰ ਹੀ ਨਾ ਹੋਵੇ !!

ਉਸਨੇ ਸਾਈਬਰ ਸੈੱਲ ਚ ਸ਼ਿਕਾਇਤ ਕਰ ਦਿੱਤੀ । ਫੇਸਬੁੱਕ ਪੇਜ਼ ਕਿਰਨ ਦੇ ਪ੍ਰੋਫ਼ਾਈਲ ਵਟਸਐਪ ਮੈਸੇਜ ਪੈਸੇ ਦੇਣ ਦਾ ਸਕ੍ਰੀਨ ਸ਼ੌਟ ਸਭ ਭੇਜ ਦਿੱਤਾ ।ਨਾਲ ਹੀ ਵੂਮੈਨ ਸੈੱਲ ਵਿੱਚ।

ਕੁਝ ਕਾਹਲੀ ਚ ਅਮਲ ਹੋਇਆ ਅਗਲੇ ਦਿਨ ਹੀ ਉਸਨੂੰ ਛੁੱਟੀ ਲੈ ਕੇ ਲੁਧਿਆਣੇ ਵੀ ਜਾਣਾ ਪਿਆ । ਉਸ ਮੁੰਡੇ ਨੂੰ ਅਗਲੇ ਦਿਨ ਹੀ ਫੜਿਆ ਗਿਆ ।ਜਦਕਿ ਉਹ ਇਸ ਆਸ ਚ ਸੀ ਕਿ ਕਦੇ ਪਹਿਲ਼ਾਂ ਕਿਸੇ ਨੇ ਕੁਝ ਨਹੀਂ ਸੀ ਕਿਹਾ ਹੁਣ ਕੀ

ਕਹਰਗਾ।

ਮਗਰੋਂ ਹੌਲੀ ਹੌਲੀ ਉਸਨੂੰ ਸਭ ਪਤਾ ਲੱਗ ਗਿਆ। ਉਹ ਫੋਟੋਆਂ ਤੇ ਵੀਡੀਓਜ਼ ਉਸਨੇ ਪਹਿਲ਼ਾਂ ਤੋਂ ਹੀ ਕਿਸੇ ਹੋਰ ਕੁੜੀ ਦੀਆਂ ਭੇਜੀਆਂ ਹੋਈਆਂ ਸੀ ਤੇ ਵੁਐਸ ਨੋਟ ਵੀ । ਸ਼ਾਇਦ ਕਿਸੇ ਤਰੀਕੇ ਉਸਨੂੰ ਵਿਸ਼ਵਾਸ ਚ ਲੈ ਕੇ । ਫਿਰ ਇਹੋ ਫੋਟੋਜ਼ ਤੇ ਵੁਐਸ ਨੋਟ ਹੋਰਾਂ ਕੁੜੀਆਂ ਨੂੰ ਫਾਰਵਰਡ ਕਰ ਦਿੰਦਾ ਸੀ ।ਤੇ ਵੱਧ ਵਿਸ਼ਵਾਸ ਲਈ ਵੀਡੀਓ ਵੀ । ਬੱਸ ਕਦੇ ਗੱਲ ਨਹੀਂ ਸੀ ਕਰਦਾ। ਹਮੇਸ਼ਾ ਹੀ ਹਿੰਦੀ ਚ ਮੈਸੇਜ ਕਰਦਾ ਸੀ ਸ਼ਾਇਦ ਪੰਜਾਬੀ ਚ ਗੱਲ ਕਰਨ ਦੇ ਤਰੀਕੇ ਤੋਂ ਸ਼ੱਕ ਹੋ ਜਾਣ ਦੇ ਡਰੋਂ। ਸ਼ਿਵਾਲੀ ਊਸਦੀ ਪਹਿਲੀ ਤੇ ਆਖਰੀ ਸ਼ਿਕਾਰ ਨਹੀਂ ਸੀ ਉਸਤੋਂ ਪਹਿਲ਼ਾਂ ਵੀ ਕਈ ਸੀ ਮਗਰੋਂ ਵੀ ਹੋਰ ਦੀ ਤਿਆਰੀ ਸੀ।

ਪਿਛਲੇ ਇੱਕ ਸਾਲ ਤੋਂ ਉਹ ਕੇਸ ਲੜ ਰਹੀ ਸੀ। ਪਰ ਉਸਦੀਆਂ ਫੋਟੋਆਂ ਪਤਾ ਨਹੀਂ ਕਿੰਨੇ ਕੁ ਇੰਸਟਾ ਫੇਸਬੁੱਕ ਪੇਜਾ ਉੱਪਰ ਰੋਜ ਪੋਸਟ ਹੁੰਦੀਆਂ ਹਨ ਹੁਣ ਵੀ । ਜਿਸ ਵਿੱਚ ਕਿਤੇ ਕਿਤੇ ਉਹ ਬੇਹੱਦ ਘੱਟ ਕੱਪੜਿਆਂ ਚ ਸੀ ਇੱਕ ਦੋ ਕਲਾਸਮੇਟ ਨੇ ਤੇ ਕੁਝ ਰਿਸ਼ਤੇਦਾਰਾਂ ਕੋਲ ਵੀ ਪਹੁੰਚ ਗਈਆਂ ਸੀ। ਪਰ ਸ਼ੁਕਰ ਸੀ ਕਿ ਇਸਤੋਂ ਵੱਧ ਵਾਲਾ ਕੁਝ ਨਾ ਸ਼ੇਅਰ ਹੋਇਆ ਉਸਤੋਂ ਪਹਿਲ਼ਾਂ ਹੀ ਕਬਜੇ ਚ ਆ ਗਿਆ ਨਹੀਂ ਹੋਰ ਵੀ ਘੁੱਟ ਘੁੱਟ ਜਿਉਣਾ ਪੈਂਦਾ ।

ਪਰ ਕੁਝ ਸਾਲ ਤੋਂ ਕਚਹਿਰੀ ਚ ਜਾਂਦੇ ਉਸਨੂੰ ਪਤਾ ਲੱਗ ਗਿਆ ਸੀ ਕਿ ਜੋ ਉਸ ਨਾਲ ਹੋਇਆ ਉਹ ਤਾਂ ਕੁਝ ਵੀ ਨਹੀਂ ਸੀ ਲੋਕੀ ਕਦਮ ਕਦਮ ਤੇ ਜ਼ੁਲਮ ,ਧੋਖੇ ਤੇ ਪ੍ਰਤਾੜਨਾ ਸਹਿ ਰਹੇ ਹਨ ਪਰ ਗਲਤ ਕਰਨ ਵਾਲੇ ਦੀ ਬਜਾਏ ਔਰਤ ਸਿਰ ਦੋਸ਼ ਮੜ੍ਹਨਾ ਪਸੰਦ ਕਰਦੇ ਹਨ ਕਿਉਕਿ ਉਹਨਾਂ ਨੂੰ ਲਗਦਾ ਹੈ ਮਰਦਾਂ ਨੇ ਤਾਂ ਇੰਝ ਕਰਨਾ ਹੀ ਕਰਨਾ ਹੈ ,ਔਰਤ ਖੁਦ ਬਚਾਅ ਰੱਖੇ ਭਲਾ ਹਲਕੇ ਕੁੱਤਿਆਂ ਨੂੰ ਖੁਲ੍ਹੇ ਛੱਡਕੇ ਕਿੰਨੀ ਕੁ ਸਾਵਧਾਨੀ ਵਰਤੀ ਜਾ ਸਕਦੀ ਹੈ ਕਦੇ ਤਾਂ ਕਦੇ ਕੱਟ ਹੀ ਲੈਣਗੇ ਇਸ ਲਈ ਇਲਾਜ਼ ਹਲਕਾਅ ਦਾ ਹੋਣਾ ਚਾਹੀਦਾ ਹੈ ਬਚਾਅ ਦੀ ਗੱਲ ਤਾਂ ਮਗਰੋਂ

ਹ ।

•••

......

ਇੱਕੋ ਰਾਤ ਵਿੱਚ ਸ਼ੁਭ ਤੇ ਸ਼ਿਵਾਲੀ ਇੱਕ ਦੂਸਰੇ ਦੇ ਮਨ ਤੇ ਤਨ ਦੇ ਸਭ ਭੇਦ ਜਾਣ ਚੁੱਕੀਆਂ ਸੀ ।

ਅਗਲੀ ਸਵੇਰ ਉੱਠਦੇ ਉੱਠਦੇ ਸ਼ੁਭ ਤੇ ਸ਼ਿਵਾਲੀ ਨੂੰ ਦੇਰ ਹੋ ਹੀ ਗਈ ਸੀ ,ਰਾਤ ਭਰ ਦੀਆਂ ਗੱਲਾਂ ਬਾਤਾਂ ਤੇ ਤਨ ਤੇ ਮਨ ਨੂੰ ਸੰਤੁਸ਼ਟ ਕਰ ਦਿੱਤਾ ਸੀ।

ਉਠ ਕੇ ਕੱਠੇ ਨਾਤੀਆਂ ,ਖਾਣਾ ਬਣਾਇਆ ਤੇ ਫਿਰ ਛੁੱਟੀ ਦਾ ਪੂਰਾ ਫਾਇਦਾ ਚੁੱਕਣ ਲਈ ਸ਼ਾਪਿੰਗ ਕੀਤੀ। ਸ਼ੁਭ ਨੇ ਇਸ ਮਗਰੋਂ ਇੱਕ ਹਫਤੇ ਲਈ ਕੋਰਟ ਦੀ ਸੁਣਵਾਈ ਲਈ ਜਾਣਾ ਸੀ। ਇਸ ਲਈ ਉਹ ਪੂਰਾ ਦਿਨ ਤੇ ਰਾਤ ਸਿਰਫ ਸ਼ਿਵਾਲੀ ਨਾਲ ਬਿਤਾਉਣਾ ਚਾਹੁੰਦੀ ਸੀ।

ਰਿਸ਼ਤਾ ਮਹਿਜ਼ ਜਿਸਮਾਨੀ ਸੀ,ਜ਼ਜਬਾਤੀ ਸੀ ਜਾਂ ਕਿਸੇ ਤੁਰ ਗਏ ਦੀ ਕਮੀ ਪੂਰਨ ਵਾਲਾ ਇਹ ਤਾਂ ਸਮਾਂ ਹੀ ਦੱਸੇਗਾ।ਪਰ ਉਹ ਇੱਕ ਇੱਕ ਪਲ ਨੂੰ ਜਿਊਣਾ ਚਾਹੁੰਦੀਆਂ ਸੀ। ਤੇ ਹਰ ਪਲ ਉਹਨਾਂ ਦਾ ਇੱਕ ਦੂਸਰੇ ਦੀ ਜਿਸਮਾਨੀ ਦਿਲ ਦੀ ਖ਼ੂਬਸੂਰਤੀ ਨੂੰ ਮਾਨਣ ਵਿੱਚ ਗੁਜ਼ਰ ਰਿਹਾ ਸੀ।

ਅਗਲੀ ਸਵੇਰ ਸਵੱਖਤੇ ਹੀ ਸ਼ੁਭ ਘਰੋਂ ਨਿੱਕਲੀ ਸੀ।ਪੂਰਾ ਦਿਨ ਕੋਰਟ ਚ ਬਹਿਸਾਂ ਸੁਣਦਿਆਂ ,ਵਕੀਲ ਨੂੰ ਮਿਲਦੇ ਨਿੱਕਲ ਗਈ ਸੀ। ਜਿਉਂ ਹੀ ਅਸ਼ਮਿਤਾ ਦੇ ਕੇਸ ਦੀ ਸੁਣਵਾਈ ਸ਼ੁਰੂ ਹੁੰਦੀ ਤਾਂ ਕੋਰਟ ਪਹਿਲ਼ਾਂ ਨਾਲੋਂ ਵੱਧ ਭਰ ਜਾਂਦਾ ਸੀ। ਕੇਸ ਨਾਲੋਂ ਵੇਖਣ ਵਾਲਿਆਂ ਵਿੱਚ ਉਸਨੂੰ ਵੇਖਣ ਦੀ ਉਤਸੁਕਤਾ ਵੱਧ ਹੁੰਦੀ ਸੀ।ਸਿਰਫ ਮਰਦਾ

ਨੂੰ ਨਹੀਂ ਔਰਤਾਂ ਨੂੰ ਦੇਖਣ ਦਾ ਕਾਹਲ ਹੁੰਦਾ। ਇਕ ਐਸੀ ਔਰਤ ਨੂੰ ਜੋ ਸ਼ਰੇਆਮ ...
ਕਹਿ ਰਹੀ ਹੋਵੇ ਕਿ ਉਹ ਕਿਸੇ ਹੋਰ ਔਰਤ ਨਾਲ ਰਿਲੇਸ਼ਨ ਵਿੱਚ ਸੀ ਤੇ ਦੋਵਾਂ ਨੂੰ ਮਰਦ ਚੰਗੇ ਨਹੀਂ ਲਗਦੇ!

ਕੋਰਟ ਦੀ ਸੁਣਵਾਈ ਮਗਰੋਂ ਕੇਸ ਦੀ ਅਗਲੀ ਤਰੀਕ ਫੈਸਲੇ ਲਈ ਪਾ ਦਿੱਤੀ ਸੀ। ਵਕੀਲ ਨੇ ਉਸਨੂੰ ਕੈਬਿਨ ਚ ਰੁਕਣ ਲਈ ਕਿਹਾ ।

ਉਹ ਬੈਠ ਕੇ ਉਡੀਕਣ ਲੱਗੀ।

ਕੈਬਿਨ ਚ ਵਕੀਲ ਦੀ ਸਕਰੇਟਰੀ ਔਰਤ ਸ਼ਾਇਦ ਤੀਹ ਕੁ ਸਾਲਾਂ ਦੀ ਉਸ ਵੱਲ ਹੀ ਤੱਕ ਰਹੀ ਸੀ।ਮੀਨਾ ਨਾਮ ਦੀ ਨੰਬਰ ਪਲੇਟ ਲੱਗੀ ਹੋਈ ਸੀ। ਸ਼ੁਭ ਨੂੰ ਇਸ ਤੱਕਣੀ ਦੀ ਆਦਤ ਸੀ ।ਉਹ ਕੁਰਸੀ ਤੇ ਬੈਠੀ ਆਪਣਾ ਮੁਬਾਇਲ ਫਰੋਲਣ ਲੱਗੀ।

ਮੀਨਾ ਕੋਲ ਸ਼ਾਇਦ ਰਿਹਾ ਨਹੀਂ ਗਿਆ। ਅੱਖਾਂ ਮਿਲਦੇ ਹੀ ਉਸਦੇ ਮੂੰਹੋ ਸਵਾਲ ਨਿੱਕਲ ਹੀ ਗਿਆ," ਕੀ ਲੋਕ ਜੋ ਕਹਿੰਦੇ ਹਨ ਸੱਚ ਹੈ? ਤੁਸੀਂ ਅਸ਼ਮਿਤਾ ਨਾਲ ਰਿਲੇਸ਼ਨ ਚ ਸੀ"।

ਸ਼ੁਭ ਨੇ ਉਸ ਵੱਲ ਤੱਕਦੇ ਹੋਏ ਸਿਰ ਹਿਲਾ ਦਿੱਤਾ ," ਹਾਂ ,ਇਸੇ ਲਈ ਕੱਠੇ ਰਹਿਣ ਦਾ ਫੈਸਲਾ ਕੀਤਾ ਸੀ,ਜੋ ਇਹਦੇ ਘਰਦਿਆਂ ਨੂੰ ਉਲਟ ਲੱਗਾ ਉਹਨਾਂ ਤੰਗ ਕੀਤਾ ਉਸਨੂੰ ਤੇ ਉਸਨੇ ਖ਼ੁਦਕੁਸ਼ੀ ਕਰ ਲਈ"।

"ਪਰ ਕੁੜੀ ਕੁੜੀ ਦਾ ਕੱਠੇ ਰਹਿਣਾ ਮੈਨੂੰ ਸਮਝ ਨਹੀਂ ਲੱਗੀ,ਭਲਾ ਬੰਦੇ ਬਿਨਾਂ ਔਰਤ ਕੀ ਹੈ ? ਕਿੰਝ ਓਹ ਸੈਟਿਸਫਾਈ ਹੋ ਸਕਦੀ ਹੈ? ਕੱਲ ਹੀ ਇੱਕ ਬਾਬਾ

ਪ੍ਰਵਚਨ ਚ ਦਸ ਰਿਹਾ ਸੀ ਕਿ ਇਹ ਇਕ ਬਿਮਾਰੀ ਹੈ ,ਦੁਨੀਆ ਚ ਜੋ ਕੁਝ ਵੀ ਲਿਖਿਆ ਗਿਆ ਹੈ ਉਹ ਇਹੋ ਹੈ ਕਿ ਔਰਤ ਦੀ ਖੂਬਸੂਰਤੀ ਮਰਦ ਤੋਂ ਬਿਨ੍ਹਾਂ ਨਹੀਂ ਹੈ।”

“ਬਕਵਾਸ,ਹੁਣ ਤਕ ਲਿਖਣ ਵਾਲਿਆਂ ਚ ਕਿੰਨੀਆਂ ਔਰਤਾਂ ਹਨ ? ਬਹੁਤਾ ਕੁਝ ਮਰਦ ਨੇ ਲਿਖਿਆ ਹੋਇਆ ਹੈ ਤੇ ਸੈਕਸ ਬਾਰੇ ਤਾਂ ਸਾਰੇ ਹੀ ਮਰਦ ਦੇ ਖਿਆਲ ਹਨ । ਉਹ ਲਈ ਕਦੇ ਉਹ ਖੁਦ ਨੂੰ ਔਰਤ ਦੀ ਖੂਬਸੂਰਤੀ ਪੂਰੀ ਕਰਨ ਵਾਲਾ ਲਿਖਦਾ ਹੈ ਕਦੇ ਨਰਕ ਦਾ ਦੁਆਰ ਤੇ ਕਦੇ ਝਗੜੇ ਦੀ ਜੜ੍ਹ । ਜਦੋਂ ਔਰਤ ਨੇ ਨਹੀਂ ਲਿਖਿਆ ਉਹ ਕੀ ਚਾਹੁੰਦੀ ਹੈ ਫਿਰ ਇਹ ਬਾਬਾ ਔਰਤ ਬਾਰੇ ਕਿਵੇਂ ਦੱਸ ਸਕਦਾ ਹੈ”?ਸ਼ੁਭ ਨੇ ਗੁੱਸੇ ਹੁੰਦੇ ਕਿਹਾ।

“ਪਰ ਇਹ ਗੱਲ ਮੈਨੂੰ ਵੀ ਸਮਝ ਨਹੀਂ ਆਉਂਦੀ ਕਿ ਔਰਤ ਕਿਵੇਂ ਮਰਦ ਤੋਂ ਬਿਨਾ ਸੰਤੁਸ਼ਟ ਹੋ ਸਕਦੀ ? ਮਤਲਬ ਤੁਸੀਂ ਸਮਝਦੇ ਹੋ ਨਾ ਕਿ ਜੋ ਕੁਝ ਔਰਤ ਨੂੰ ਸੰਤੁਸ਼ਟ ਹੋਣ ਲਈ ਚਾਹੀਦਾ ਹੈ ਉਹ ਮਰਦ ਕੋਲ ਹੀ ਹੁੰਦਾ ਹੈ “? ਮੀਨਾ ਨੇ ਉਸਨੂੰ ਟੋਕਦੇ ਹੋਏ ਪੁੱਛਿਆ।

“ਤੂੰ ਕਦੇ ਕੋਈ ਲੇਸਬੀਅਨ ਕਪਲ ਵੇਖਿਆ ? ਜਾਂ ਕੋਈ ਇਵੇਂ ਦਾ ਕੁਝ ਹੋਰ “? ਸ਼ੁਭ ਨੇ ਪੁੱਛਿਆ ।

“ਨਹੀਂ ਮੇਰੇ ਆਸ ਪਾਸ ਕੋਈ ਐਸੀ ਕੁੜੀ ਨਹੀਂ ਸੀ ਹੋਵੇਗੀ ਤਾਂ ਕੋਈ ਦੱਸੇਗੀ ਕਿਉਂ ? ਹਾਂ ਮੇਰੇ ਘਰਵਾਲੇ ਨੇ ਕੁਝ ਵੀਡੀਓਜ਼ ਵਿਖਾਈਆ ਸੀ ਜਿਸ ਚ ਕੁੜੀ ਕੁੜੀ ਇੱਕ

ਬਲਿਟ ਜਿਹਾ ਲੱਗਾ ਕਿ ਸਭ ਕਰਦੀਆਂ ਹਨ,ਮੈਨੂੰ ਤਾਂ ਵੇਖ ਕੇ ਕਚਿਆਇਣ ਆਉਂਦ ...
ਸੀ ਪਰ ਉਹਨੂੰ ਬਹੁਤ ਪਸੰਦ ਹਨ ਇਵੇਂ ਦਾ ਸਭ ਕੁਝ “.

“ਇਹੋ ਪੰਗਾ ਹੈ ਮਰਦਾਂ ਨੂੰ ਬੈੱਡਰੂਮ ਦੇ ਅੰਦਰ ਸਭ ਪਸੰਦ ਹੈ ਬਾਹਰ ਨਿੱਕਲਦੇ ਹੀ ਖਿਆਲ ਬਦਲ ਜਾਂਦੇ ਹਨ । ਜੋ ਤੂੰ ਵੇਖਿਆ ਉਹ ਸਿਰਫ ਇਕ ਤਰੀਕਾ ਇੱਕ ਦੂਸਰੇ ਨੂੰ ਸੈਟਿਸਫ਼ਾਈ ਕਰਨ ਦਾ,ਉਹ ਵੀ ਇੱਕ ਹੱਦ ਤੱਕ ਮਰਦਾਂ ਦੇ ਮਜ਼ੇ ਲਈ ਬਣਾਇਆ ਗਿਆ ਹੈ । ਕਿਉਂਕਿ ਸਮਾਜ ਦਾ ਜਨਰਲ ਵਿਊ ਇਹੋ ਹੈ ਕਿ ਕੁੜੀ ਦੀ ਸੰਤੁਸ਼ਟ ਕਰਨ ਲਈ ਕੁਝ ਨਾ ਕੁਝ ਹੋਣਾ ਜਰੂਰੀ ਹੈ,ਇਸ ਲਈ ਸੈਕਸ ਦਾ ਮਤਲਬ ਸਭ ਲਈ ਓਥੋਂ ਹੀ ਸ਼ੁਰੂ ਹੋ ਕੇ ਓਥੇ ਹੀ ਖਤਮ ਹੋ ਜਾਂਦਾ ਹੈ । ਪਰ ਉਸਤੋਂ ਪਹਿਲ਼ਾਂ ਤੇ ਉਸਤੋਂ ਮਗਰੋਂ ਵੀ ਬਹੁਤ ਕੁਝ ਹੁੰਦਾ ਹੈ। ਜ਼ਿਆਦਾਤਰ ਔਰਤ ਲਈ ਕਦੇ ਵੀ ਸੰਤੁਸ਼ਟ ਹੋਣ ਲਈ ਉਸ ਚੀਜ਼ ਦੀ ਲੋੜ ਨਹੀਂ । ਉਹ ਲੋੜ ਸਿਰਫ ਬੱਚੇ ਹੀ ਪੈਦਾ ਕਰਨ ਲਈ ਹੈ। ਇਸ ਲਈ ਉਸ ਤੋਂ ਪਹਿਲ਼ਾਂ ਵੀ ਔਰਤ ਬੜੇ ਆਰਮ ਨਾਲ ਸੰਤੁਸ਼ਟੀ ਦੀ ਹੱਦ ਹਾਸਿਲ ਕਰ ਲੈਂਦੀ ਹੈ ।ਪਾਰਟਨਰ ਨੂੰ ਸਿਰਫ ਇਹ ਪਤਾ ਹੋਣਾ ਚਾਹੀਦਾ ਕਿ ਕਿੰਝ ਕਿੱਸ ਕਰਨੀ ਹੈ ਕਿੰਝ ਟੱਚ ਕਰਨਾ ਹੈ ਕਿਥੇ ਕਿਵੇਂ ਕਿਸ ਵੇਲੇ। ਇਸ ਲਈ ਲੇਸਬੀਅਨ ਨੂੰ ਇਹੋ ਸਮਝ ਹੁੰਦੀ ਹੈ ਕੁੜੀ ਤੋਂ ਬੇਹਤਰ ਕੁੜੀ ਦੇ ਜਿਸਮ ਦੀ ਲੋੜ ਨੂੰ ਕੌਣ ਸਮਝ ਸਕਦਾ ਹੈ। ਬੱਸ ਜੋ ਕੰਮ ਮਰਦ ਦੀ ਚੀਜ਼ ਨਹੀਂ ਕਰ ਸਕਦੀ ਉਹ ਸਿਰਫ ਔਰਤ ਦੇ ਪਿਆਰ ਭਰੇ ਬੋਲ ਤੇ ਕਿੱਸ ਕਰ ਸਕਦੇ ਹਨ। ਜਿਸ ਦਿਨ ਇਸ ਦੁਨੀਆਂ ਨੂੰ ਇਹ ਸਮਝ ਆ ਗਈ ਕਿ ‘ਇੰਟਰਕੋਰਸ’ ਹੀ ਸੈਕਸ ਨਹੀਂ ਹੁੰਦਾ,ਉਸ ਦਿਨ ਬਹੁਤੀਆਂ ਔਰਤਾਂ ਦੀ ਜ਼ਿੰਦਗੀ ਸੁਖਾਲੀ ਹੋ ਜਾਏਗੀ।ਜਦੋਂ ਉਸਦਾ ਪਾਰਟਨਰ ਉਸ ਆਖ਼ਿਰੀ ਪਲ ਤੋਂ ਪਹਿਲ਼ਾਂ ਉਸਦੇ ਜਿਸਮ ਨੂੰ ਉਸ ਮੰਜ਼ਿਲ ਦੇ ਕਰੀਬ ਤੱਕ ਲੈ ਕੇ ਜਾਏਗਾ। ਅਸਲ ਚ ਮਰਦ ਤੇ ਔਰਤ ਦੇ ਜਿਸ ਰਿਸ਼ਤੇ ਵਿੱਚ ਮਰਦ ਸੈਕਸ ਨੂੰ ਸਿਰਫ ਖੁਦ ਦਾ ਵਿਸ਼ੇਸ਼ਅਧਿਕਾਰ ਮੰਨਦਾ ਹੈ ਸਮੱਸਿਆ ਉਹੀ ਹੈ । ਜਦਕਿ

ਲੈਸਬੀਅਨ ਚ ਇਹ ਰਿਸ਼ਤਾ ਬਰਾਬਰੀ ਦਾ ਹੁੰਦਾ ਹੈ। ਸ਼ੁਭ ਨੇ ਬੋਲਦੇ ਹੋਏ ਕਿਹਾ ਪਤਾ ਨਹੀਂ ਮੀਨਾ ਨੂੰ ਸਮਝ ਆਈ ਕਿ ਨਹੀਂ ।

"ਫਿਰ ਤੂੰ ਹੁਣ ਵਿਆਹ ਕੁੜੀ ਨਾਲ ਕਰਵਾਏਗੀ ਕਿ ਮੁੰਡੇ ਨਾਲ"? ਉਸਨੂੰ ਸ਼ਾਇਦ ਅਜੇ ਵੀ ਲੱਗ ਰਿਹਾ ਸੀ ਕਿ ਵਿਆਹ ਤਾਂ ਮੁੰਡੇ ਨਾਲ ਹੀ ਹੋ ਸਕਦਾ।

ਤਦੇ ਹੀ ਵਕੀਲ ਅੰਦਰ ਆ ਗਿਆ । ਉਸਨੇ ਵੀ ਵਿਆਹ ਵਾਲੀ ਗੱਲ ਸੁਣ ਲਈ ਸੀ। "ਹਲੇ ਤਾਂ ਵਿਆਹ ਛੱਡ ਇਸ ਰਿਸ਼ਤੇ ਚ ਰਹਿਣਾ ਹੀ 377 ਧਾਰਾ ਅਧੀਨ ਗੈਰ ਕਾਨੂੰਨੀ ਹੈ (2019 ਤੋਂ ਪਹਿਲ਼ਾਂ) ।ਸੁਪਰੀਮ ਕੋਰਟ ਵਿੱਚ ਕੇਸ ਚੱਲ ਰਿਹਾ ਹੈ । ਸੁਣਦੇ ਹਾਂ ਸੁਣਵਾਈ ਚ ਸ਼ਾਇਦ ਪਿਛਲੇ ਆਦੇਸ਼ ਨੂੰ ਬਦਲਣ ਦੇ ਅਸਾਰ ਹਨ ।ਕੁਝ ਮਹੀਨੇ ਵਿੱਚ ਫ਼ੈਸਲਾ ਵੀ ਆ ਸਕਦਾ ।" ਉਸਨੇ ਬੈਠਦੇ ਹੋਏ ਕਿਹਾ ।

"ਚਾਹੇ ਗੈਰ ਕਾਨੂੰਨੀ ਹੋਏ ਚਾਹੇ ਕਾਨੂੰਨੀ ਮੈਂ ਕਿਸੇ ਮੁੰਡੇ ਨਾਲ ਵਿਆਹ ਨਹੀਂ ਕਰਵਾਵਾਂਗੀ ".ਉਸਨੇ ਮੀਨਾ ਵੱਲ ਤੱਕਦੇ ਹੋਏ ਕਿਹਾ।

ਵਕੀਲ ਊਸਦੀ ਗੱਲ ਵਿੱਚ ਹਾਮੀ ਭਰਦਾ ਹੋਇਆ ਬੋਲਿਆ," ਮੁੰਡਿਆਂ ਨਾਲ ਵਿਆਹ ਕਰਵਾ ਕੇ ਵੀ ਕੌਣ ਖੁਸ਼ ਹੈ ,ਮੇਰੇ ਕੋਲ ਜਿੰਨੇ ਵੀ ਤਲਾਕ ਦੇ ਕੇਸ ਹਨ ਉਹਨਾਂ ਵਿੱਚ ਵਿਚਲੀ ਗੱਲ ਮਾਰ ਕੁਟਾਈ ਤੇ ਦਹੇਜ਼ ਨੂੰ ਛੱਡ ਇਹੋ ਹੁੰਦੀ ਹੈ ਕਿ ਮੁੰਡਾ ਜਾਂ ਤਾਂ ਨਸ਼ਿਆਂ ਨੇ ਖਾ ਲਿਆ,ਜਾਂ ਉਹਨੂੰ ਆਪਣੀ ਸੰਤੁਸ਼ਟੀ ਤੱਕ ਮਤਲਬ ਹੈ ,ਬਿਸਤਰ ਉੱਤੇ ਜ਼ਬਰਦਸਤੀ ਹੱਕ ਸਮਝਿਆ ਜਾਂਦਾ,ਧੱਕੇ ਨਾਲ ਗੈਰ ਕੁਦਰਤੀ ਜਾਂ ਪੋਰਨ ਫ਼ਿਲਮਾਂ ਨੂੰ ਬੈੱਡ ਤੇ ਦੁਹਰਾਉਣ ਲਈ ਮਜਬੂਰ ਕੀਤਾ ਜਾਂਦਾ ,ਵਿਰੋਧ ਕਰਨ ਤੇ ਨਸ਼ਾ ਕਰਕੇ ਕੁੱਟ ਮਾਰ ਤੇ ਹੋਰ ਕੁਝ।ਹੁਣ ਕੁੜੀ ਜੇ ਇਸ ਸਭ ਦਾ ਕੇਸ ਕਰੇ ਤਾਂ

ਦੁਨੀਆ ਨੇ ਨਹੀਂ ਜਿਊਣ ਦੇਣਾ ,ਇਸ ਲਈ ਦਾਜ਼ ਤੇ ਕੁਟਮਾਰ ਦੇ ਥੱਲੇ ਲੁਕ ਕੇ ਤਲਾਕ ਲਈ ਅਰਜੀਆਂ ਦਿੰਦੀਆਂ ਹਨ । ਮੇਰੇ ਹਰ ਕੇਸ ਦੀ ਅੰਦਰਲੀ ਕਹਾਣੀ ਇਹੋ ਹੈ । ਮੁੰਡੇ ਨੂੰ ਸਮਝਾਓ ਤਾਂ ਉਹ ਗਲ਼ ਨੂੰ ਪੈਂਦਾ ਹੈ “.

“ਇਹ ਸਭ ਲਵ ਮੈਰਿਜ ਕਰਕੇ ਹੁੰਦਾ ,ਸਰ। ਬਹੁਤੇ ਕੇਸ ਲਵ ਮੈਰਿਜ ਵਾਲੇ ਤਲਾਕ ਲਈ ਪਹੁੰਚਦੇ ਹਨ ।”ਮੀਨਾ ਨੂੰ ਲਗਦਾ ਸੀ ਅਰੇਂਜ ਮੈਰਿਜ ਚ ਤਲਾਕ ਘੱਟ ਹੁੰਦੇ ਹਨ।

“ਭਾਈ ,ਜਿਹੜਾ ਬੰਦਾ ਮਰਜ਼ੀ ਨਾਲ ਵਿਆਹ ਨਹੀਂ ਕਰਵਾ ਸਕਿਆ ਉਹ ਮਰਜ਼ੀ ਨਾਲ ਤਲਾਕ ਕਿਵੇਂ ਲੈ ਲਵੇਗਾ ? ਆਪਣੀ ਜਿੰਦਗ਼ੀ ਦੇ ਫੈਸਲੇ ਖੁਦ ਲੈਣ ਲਈ ਵੀ ਹਿੰਮਤ ਚਾਹੀਦੀ ਹੁੰਦੀ।ਪਹਿਲ਼ਾਂ ਤਾਂ ਅਰੇਂਜ ਮੈਰਿਜ ਚ ਮਾਪਿਆ ਦੀ ਜਿਸ ਇੱਜਤ ਦੇ ਢਕੌਂਸਲੇ ਹੇਠ ਨਾ ਚਾਹੁੰਦੇ ਵੀ ਵਿਆਹ ਕਰਵਾਇਆ ਜਾਂਦਾ ਫਿਰ ਉਸੇ ਥੱਲੇ ਲੱਗ ਨਿਭਾਇਆ ਜਾਂਦਾ ਭਾਵੇਂ ਕਿੰਨਾ ਹੀ ਦੁਖ ਹੋਵੇ,ਕੁੜੀਆਂ ਮਾਪਿਆ ਦੀ ਉਸੇ ਖੁਸ਼ੀ ਨੂੰ ਰੱਖਣ ਲਈ ਸਹੀ ਜਾਂਦੀਆਂ । ਜੇ ਕਿਤੇ ਗੱਲ ਬਾਤ ਵੱਧ ਜਾਏ ਫਿਰ ਚਾਰ ਬੰਦੇ ਬੈਠ ਸਮਝਾ ਦਿੰਦੇ ਕਿ ਭਾਈ ਔਰਤ ਦੀ ਤਾਂ ਇਹੋ ਜੂਨ ਹੈ,ਅੱਧੀ ਲੰਘ ਗਈ ਅੱਧੀ ਕੱਢ ਲੈ ।ਤੇ ਜਿਹੜਾ ਕੇਸ ਪਹੁੰਚਦਾ ਤਲਾਕ ਤੱਕ ਉਹਦੇ ਚ ਹਾਲਾਤ ਐਨੀ ਖਰਾਬ ਹੁੰਦੀ ਕਿ ਨਾ ਅੱਗੇ ਕੁਝ ਨਾ ਪਿੱਛੇ । ਲਵ ਮੈਰਿਜ਼ ਚ ਅਗਲੇ ਨੂੰ ਪਸੰਦ ਹੁੰਦਾ ਅਗਲਾ ਵਿਆਹ ਕਰਵਾਉਂਦਾ ਤੇ ਜਦੋਂ ਨਹੀਂ ਨਿਭਦੀ ਅਗਲਾ ਉਸੇ ਹਿੰਮਤ ਨਾਲ ਤਲਾਕ ਵੀ ਹੋ ਜਾਂਦਾ। ਬਹੁਤੇ ਬੰਦੇ ਚਾਹੇ ਲਵ ਮੈਰਿਜ ਕਰਵਾ ਲੈਣ ਜਾਂ ਅਰੇਂਜ ਬੈੱਡ ਤੇ ਉਹਦੀਆਂ ਆਦਤਾਂ ਨਹੀਂ ਬਦਲਦੀਆਂ। “

ਵਕੀਲ ਨੇ ਆਖ਼ਿਰੀ ਗੱਲ ਕੀਤੀ ।

ਅਛਾ ਸਰ,ਮਨੂ ਹੁਕਮ ਕਰ ਮ ਲਟ ਹ ਰਗ ਆ ਸ਼ੁਭ ਨ ਪੁਛਆ ।

“ਹੁਕਮ ਤਾਂ ਇਹੋ ਹੈ ਕਿ ਅਗਲੀ ਤਰੀਕ ਤੇ ਫੈਸਲਾ ਹੋ ਜਾਏਗਾ,ਪਰ ਇਹਨਾਂ ਦੀ ਕੋਸ਼ਿਸ ਹੈ ਕਿ ਹਾਈਕੋਰਟ ਤੋਂ ਉਸੇ ਦਿਨ ਜ਼ਮਾਨਤ ਲੈ ਲੈਣ,ਕੁਝ ਸੰਗਠਨ ਇਹਨਾਂ ਦੇ ਨਾਲ ਨੇ ਜੋ ਇਹ ਕਹਿ ਰਹੇ ਕਿ ਚੰਗਾ ਹੋਇਆ ਗੰਦੀ ਕੁੜੀ ਮਰ ਗਈ ਪੈਸੇ ਤੇ ਵਕੀਲ ਦੀ ਵੀ ਸੁਪੋਰਟ ਲੈ ਰਹੇ । ਪਰ ਕਿਸੇ ਨੂੰ ਇਹ ਨਹੀਂ ਦਿਹੰਦਾ ਕਿ ਫੋਕੀ ਇੱਜਤ ਲਈ ਆਪਣੀ ਕੁੜੀ ਨਾਲ ਕੀ ਕੀ ਧੱਕਾ ਕੀਤਾ ਇਹਨਾਂ ਨੇ,ਆਪਣੀ ਕੋਸ਼ਿਸ ਹੈ ਕਰੋ ਕਿ ਜਿਸ ਦਿਨ ਹੀ ਜ਼ਮਾਨਤ ਦੀ ਅਰਜ਼ੀ ਲਾਉਣ ਉਸੇ ਦਿਨ ਤੁਹਾਡਾ ਵਕੀਲ ਵੀ ਹੋਵੇ ।ਸਰਕਾਰੀ ਵਕੀਲ ਦੱਬ ਹੀ ਜਾਂਦੇ ਬਹੁਤੀ ਵਾਰ”.

ਸ਼ੁਭ ਸਾਰੀ ਗੱਲ ਸੁਣਦੀ ਰਹੀ ,”ਠੀਕ ਹੈ ਸਰ ਮੈਨੂੰ ਇਹਨਾਂ ਕੇਸਾਂ ਲਈ ਕਿਸੇ ਵਕੀਲ ਦਾ ਨਾਮ ਦੇ ਦਵੋ ਮੈਂ ਗੱਲ ਕਰ ਲਵਾਂਗੀ ਚੰਡੀਗੜ੍ਹ,ਚੰਗਾ ਫਿਰ ਮੈਂ ਚਲਦੀ ਹਾਂ ਸਰ ।”

“ਤੇ ਹਾਂ ,ਸ਼ੁਭ ਹੋ ਸਕਦਾ ਅਗਲੇ ਮਹੀਨੇ ਐੱਲ ਜੀ ਬੀ ਟੀ ਕੇਸ ਦਾ ਫੈਸਲਾ ਵੀ ਆ ਜਾਏ ਇਸ ਸ਼ੁਕਰਵਾਰ ਦੀ ਸੁਣਵਾਈ ਸ਼ਾਇਦ ਆਖ਼ਿਰੀ ਹੈ ,ਜੇ ਤੂੰ ਉਸ ਦਿਨ ਦਿੱਲੀ ਜਾਣਾ ਚਾਹੇ ਜਾ ਕੇ ਸੁਣ ਸਕਦੀ ਹੈਂ ।ਬਹੁਤ ਹਮਖਿਆਲੀ ਲੋਕ ਮਿਲਣਗੇ।”ਵਕੀਲ ਨੇ ਜਾਂਦੇ ਹੋਏ ਕਿਹਾ।

“ਓਕੇ ਸਰ,ਵੇਖਦੀ ਜੇ ਆਫਿਸ ਤੋਂ ਛੁੱਟੀ ਮਿਲੀ ।”ਸ਼ੁਭ ਵਕੀਲ ਦੇ ਕੈਬਿਨ ਚੋਂ ਨਿੱਕਲੀ ਤਾਂ ਉਸਨੂੰ ਲੱਗਾ ਕਿ ਹੌਲੀ ਹੀ ਸਹੀ ਦੁਨੀਆਂ ਦੇ ਕੁਝ ਕੁਝ ਹਿੱਸਿਆਂ ਚ

ਸੋਚ ਬਦਲ ਰਹੀ ਹੈ ।ਸ਼ਾਇਦ ਸੁਪਰੀਮ ਕੋਰਟ ਦਾ ਫੈਸਲਾ ਇਸ ਪਾਸੇ ਦੀ ਦੁਨੀਆ ਬਦਲ ਹੀ ਦੇਵੇ ।

ਪਰ ਉਹ ਸੋਚਦੀ ਮਸਲਾ ਕੁੜੀ ਕੁੜੀ,ਮੁੰਡੇ ਮੁੰਡੇ ਜਾਂ ਮੁੰਡਾ ਕੁੜੀ ਦੇ ਰਿਸ਼ਤੇ ਦਾ ਨਹੀਂ ਹੈ ।ਮਸਲਾ ਇਹੋ ਹੈ ਕਿ ਸਮਾਜ ਉਹ ਦੋਂਵੇਂ ਇੱਕ ਦੂਸਰੇ ਨੂੰ ਸਮਝਦੇ ਹਨ ਕਿ ਨਹੀਂ ਇੱਕ ਦੂਸਰੇ ਦੀ ਜਰੂਰਤ ,ਪਸੰਦ ਨਾ ਪਸੰਦ ,ਇੱਕ ਦੂਸਰੇ ਦੀ ਖੁਸ਼ੀ ਗਮੀ ,ਸੰਤੁਸ਼ਟੀ ਨੂੰ ਧਿਆਨ ਚ ਰੱਖਦੇ ਹਨ ।ਕਿਸੇ ਵੀ ਰਿਸ਼ਤੇ ਚ ਘਰ ਬਾਹਰ ਜਾਂ ਬੈੱਡ ਤੇ ਬਰਾਬਰੀ ਦਿੰਦੇ ਹਨ ਕਿ ਨਹੀਂ ।ਜਿਸ ਦਿਨ ਇਹ ਹੋ ਗਿਆ ਕੋਈ ਵੀ ਜੋੜਾ ਦੁਖੀ ਨਹੀਂ ਹੋਏਗਾ ਕਿਸੇ ਨੂੰ ਕਿਸੇ ਹੋਰ ਦੇ ਪਿਆਰ ਤੇ ਜਿਊਣ ਦੇ ਢੰਗ ਤੋਂ ਪ੍ਰੇਸ਼ਾਨੀ ਨਹੀਂ ਹੋਏਗੀ।

ਦੂਜੀ ਪ੍ਰੇਸ਼ਾਨੀ ਇਹ ਸੀ ਕਿ ਉਸ ਦਾ ਤੇ ਸ਼ਿਵਾਲੀ ਦਾ ਰਿਸ਼ਤਾ ਕਿਧਰ ਜਾਏਗਾ।ਸ਼ੁਭ ਵਾਪਿਸ ਆਈ ਤਾਂ ਉਸਦੇ ਕੋਲ ਉਮੀਦ ਦੀਆਂ ਕੁਝ ਕਿਰਨਾਂ ਸੀ ,ਅਸ਼ਮਿਤਾ ਦੇ ਗੁਨਾਹਗਾਰਾਂ ਨੂੰ ਸਜ਼ਾ ਮਿਲਣ ਦੇ ਆਸਾਰ ਸੀ ਤੇ ਭਾਰਤ ਦੀ ਸਰਵ ਉੱਚ ਅਦਾਲਤ ਸ਼ਾਇਦ ਉਹਨਾਂ ਦੇ ਅਧਿਕਾਰਾਂ ਦੇ ਹੱਕ ਚ ਫ਼ੈਸਲਾ ਦੇਣ ਵਾਲੀ ਸੀ। ਉਸਨੇ ਸ਼ਿਵਾਲੀ ਨਾਲ ਦਿੱਲੀ ਜਾ ਕੇ ਕੇਸ ਦਾ ਫੈਸਲਾ ਸੁਣਨ ਦੀ ਸੋਚੀ ਸੀ। (ਸਾਲ 2018 ਕੇਸ ਨਵਤੇਜ ਸਿੰਘ ਬਨਾਮ ਭਾਰਤ ਸਰਕਾਰ) ਉਹ ਕਈ ਸਾਲ ਮਗਰੋਂ ਘਰ ਵੀ ਜਾ ਕੇ ਆਈ ਸੀ ,ਉਂਞ ਫੋਨ ਵਗੈਰਾ ਤੇ ਗੱਲ ਹੁੰਦੀ ਸੀ ਪਰ ਘਰਦਿਆਂ ਵੱਲੋਂ ਵਿਆਹ ਦੇ ਜ਼ੋਰ ਪਾਉਣ ਕਰਕੇ ਉਹਨੇ ਹੌਲੀ ਹੌਲੀ ਘਰ ਜਾਣਾ ਘਟਾ ਦਿੱਤਾ ਸੀ। ਵੈਸੇ ਵੀ ਮਨਿੰਦਰ ਨਾਲ ਬਿਤਾਏ ਦਿਨ ਉਸਦਾ ਪਿੱਛਾ ਨਹੀਂ ਸੀ ਛੱਡਦੇ। ਪਰ ਇਸ ਵਾਰ ਘਰਦਿਆਂ ਨੇ ਉਸਨੂੰ ਬਹੁਤਾ ਤੰਗ ਨਾ ਕੀਤਾ। ਨਾ ਹੀ ਵਿਆਹ ਤੇ ਜ਼ੋਰ ਪਾਇਆ। ਅਸ਼ਮਿਤਾ ਨਾਲ ਹੋਈ ਜ਼ਿਆਦਤੀ ਉਹਨਾਂ ਨੂੰ ਪਤਾ ਲੱਗ ਗਈ ਸੀ।

ਆਪਣੇ ਬੇਫਜ਼ੂਲ ਅਸੂਲਾਂ ਲਈ ਕਿਸੇ ਦੀ ਜਾਨ ਲੈਣ ਦਾ ਹੱਕ ਕੌਣ ਕਿਸੇ ਨੂੰ ਦਿੰਦਾ ਹੈ ? ਇਸ ਲਈ ਉਹ ਚਾਹੁੰਦੇ ਸੀ ਅੱਜ ਨਹੀਂ ਤਾਂ ਕੱਲ ਸ਼ੁਭ ਖੁਦ ਸਮਝ ਹੀ ਜਾਏਗੀ। ਪਰ ਸ਼ੁਭ ਮਨ ਹੀ ਮਨ ਹੋਰ ਫੈਸਲਾ ਕਰ ਚੁੱਕੀ ਸੀ। ਮਗਰੋਂ ਭਾਬੀ ਨੇ ਉਸਨੂੰ ਕੁਝ ਸਮੇਂ ਲਈ ਕੱਢਿਆ ਪਰ ਉਸ ਅੰਦਰ ਭਾਂਬੜ ਬਾਲ ਕੇ ਉਹ ਉਹ ਖੁਦ ਉੱਡ ਗਈ ਸੀ। ਕਿੰਨਾ ਸਮਾਂ ਉਸਨੇ ਇਹ ਸਭ ਅੰਦਰ ਸਾਂਭ ਕੇ ਰੱਖਿਆ ਸੀ ਤੇ ਅਚਾਨਕ ਹੀ ਸ਼ਿਵਾਲੀ ਦੇ ਆਉਂਦੇ ਹੀ ਸਭ ਡੁੱਲ੍ਹ ਗਿਆ ਸੀ। ਸ਼ੁਭ ਨੂੰ ਲਗਦਾ ਸੀ ਕਿ ਉਹਨਾਂ ਦੇ ਰਿਸ਼ਤੇ ਦੀ ਖੂਬਸੂਰਤੀ ਇਹ ਹੈ ਕਿ ਇਹਦੇ ਵਿੱਚ “ਜੂਠੇ” ਹੋਣ ਵਰਗਾ ਕੁਝ ਨਹੀਂ। ਇਸ ਵਿੱਚ ਇਹ ਵੀ ਨਹੀਂ ਸੀ ਕਿ ਮਰਦ ਵਾਂਗ ਕੁੜੀ ਅਣਲੱਗ ਹੋਵੇ ਨਹੀਂ ਤਾਂ ਉਸਦਾ ਚਰਿੱਤਰ ਖਰਾਬ ਤੇ ਉਹ ਵਿਆਹ ਯੋਗ ਸਮਾਨ ਨਹੀਂ ਸਮਝੀ ਜਾਂਦੀ। ਉਹਨਾਂ ਦੇ ਰਿਸ਼ਤੇ ਚ ਐਸਾ ਕੁਝ ਨਹੀਂ ਸੀ। ਊਚ ਨੀਚ ਨਾ ਹੋਣ ਕਰਕੇ ਪਿਛਲੇ ਕਿੱਸੇ ਰੁਮਾਂਸ ਭਰੇ ਪਲ ਸੀ। ਪਰ ਇੱਕ ਚੀਜ਼ ਤਾਂ ਇਥੇ ਵੀ ਸੀ ਤੇ ਜੋ ਸ਼ਾਇਦ ਹਰ ਰਿਸ਼ਤੇ ਚ ਹੈ ਹੀ ਖੋਣ ਦਾ ਡਰ ਤੇ ਬੇਵਸਾਹੀ ਤੇ ਇਸ ਗੱਲ ਕਰਕੇ ਨਾਰਾਜ਼ਗੀ। ਸ਼ਾਇਦ ਹਰ ਕੋਈ ਚਾਹੁੰਦਾ ਪੁਰਾਣੇ ਨੂੰ ਭੁੱਲ ਕੇ ਵਰਤਮਾਨ ਰਿਸ਼ਤੇ ਨੂੰ 100% ਦਈਏ। ਸ਼ੁਭ ਨੂੰ ਹਲੇ ਵੀ ਕਦੇ ਕਦੇ ਮਹੀਨੇ ਬੱਧੀ ਭਾਬੀ ਦੀ ਕਾਲ ਆ ਜਾਂਦੀ ਸੀ। ਪਰ ਸ਼ਿਵਾਲੀ ਦੇ ਆਉਣ ਮਗਰੋਂ ਇਹ ਕਾਲ ਹੋਰ ਵੀ ਵੱਧ ਆਉਣ ਲੱਗੀ ਸੀ। ਉਸਦੀ ਜਿੰਦਗੀ ਚ ਕੋਈ ਟ੍ਰੈਜਡੀ ਚਲ ਰਹੀ ਸੀ। ਕੋਈ ਨਵਾਂ ਪਾਰਟਨਰ ਸ਼ਾਇਦ ਧੋਖਾ ਦੇ ਗਿਆ ਸੀ। ਇਸ ਲਈ ਆਪਣਾ ਦੁੱਖ ਸੁੱਖ ਸਾਂਝਾ ਕਰਨ ਲਈ ਸ਼ੁਭ ਉਸਨੂੰ ਸਭ ਤੋਂ ਸਹੀ ਇਨਸਾਨ ਲਗਦੀ ਸੀ। ਇਸ ਲਈ ਉਹਨਾਂ ਦੀਆਂ ਗੱਲਾਂ ਲੰਮੀਆਂ ਹੋ ਜਾਂਦੀਆਂ। ਸ਼ਿਵਾਲੀ ਕੁਝ ਆਖਦੀ ਤਾਂ ਨਾ ਪਰ ਉਸਦੇ ਚਿਹਰੇ ਤੋਂ ਸਮਝ ਆਉਣ ਲੱਗੀ ਸੀ ਕਿ ਉਹ ਇਸ ਗੱਲੋਂ ਖੁਸ਼ ਨਹੀਂ ਹੈ। ਅਚਾਨਕ ਇੰਝ ਕਿਸੇ ਦਾ ਮਿਲਣਾ ਤੇ ਉਸਦਾ ਅਧੂਰਾ ਹੋਣਾ ਕਿਸਨੂੰ ਪਸੰਦ ਹੈ ,ਖਾਸ ਇਹ ਉਹਨਾਂ ਦੇ ਰਿਲੇਸ਼ਨ ਦੇ ਚਾਕਲੇਟੀ ਦਿਨ ਸੀ। ਸ਼ੁਰੂਆਤ ਸੀ ਨਵੀਂ ਊਰਜਾ ਸੀ ਸਭ

ਸੀ ,ਏਥੇ ਹੀ ਹੁਣ ਪੁਰਾਣੇ ਰਿਸ਼ਤੇ ਮੁੜ ਮੁੜ ਝਾਤੀ ਮਾਰ ਰਹੇ ਸੀ। ਸ਼ੁਭ ਸਮਝਦੀ ,ਪਰ ਇਹ ਵੀ ਸਮਝਦੀ ਸੀ ਕਿ ਭਾਬੀ ਨੂੰ ਵੀ ਉਸਦੀ ਜਰੂਰਤ ਹੈ ਇੱਕ ਸਾਥੀ ਵਜ ਨਾ ਸਹੀ ਇੱਕ ਦੋਸਤ ਵਜੋਂ ਹੀ ਸਹੀ। ਭਾਬੀ ਦੀਆਂ ਗੱਲਾਂ ਮੁੜ ਮੁੜ ਪੁਰਾਣੇ ਦਿਨਾਂ ਤੇ ਆ ਜਾਂਦੀਆਂ ਤੇ ਇੱਕ ਦਿਨ ਤਾਂ ਉਸਨੇ ਸ਼ੁਭ ਨੂੰ ਸਿੱਧਾ ਹੀ ਫੋਨ ਤੇ ਕੁਝ ਕਰਨ ਲਈ ਕਿਹਾ। ਇੱਕ ਵਾਰ ਤਾਂ ਸ਼ੁਭ ਦਾ ਮਨ ਜਿਵੇਂ ਵਹਿ ਹੀ ਗਿਆ ਹੋਏ। ....ਪਰ ਅਗਲੇ ਹੀ ਪਲ ਸ਼ਿਵਾਲੀ ਦਾ ਖਿਆਲ ਆਇਆ ਜੋ ਸ਼ਾਇਦ ਉਸਦੀ ਵੇਟ ਕਰਦੀ ਨੈੱਟ ਤੇ ਕੋਈ ਫਿਲਮ ਕੱਠੇ ਵੇਖਣ ਲਈ ਪਈ ਸੀ। ਤੇ ਕੱਲ੍ਹ ਉਹਨਾਂ ਦਿਲੀ ਵੀ ਜਾਣਾ ਸੀ ਕੇਸ ਸੁਣਨ ਲਈ। ਉਸਨੂੰ ਲੱਗਾ ਉਹ ਅਜੇ ਵੀ ਪੁਰਾਣੇ ਦਿਨਾਂ ਵਿੱਚ ਜਿਉਂ ਰਹੀ ਹੈ ,ਇੱਕ ਨੂੰ ਛੱਡ ਦੂਜੇ ਨਾਲ ਅੱਗੇ ਵਧਣ ਲਈ ਸਪਸ਼ਟ ਹੋਣਾ ਜਰੂਰੀ ਹੈ।

ਉਸ ਦਿਨ ਪਹਿਲੀ ਵਾਰ ਉਸਨੇ ਭਾਬੀ ਨੂੰ ਦੱਸ ਦਿੱਤਾ ਕਿ ਉਸਦੀ ਜਿੰਦਗੀ ਅੱਗੇ ਵੱਧ ਗਈ ਹੈ ਤੇ ਕੋਈ ਉਸਦੀ ਜ਼ਿੰਦਗੀ ਦਾ ਹਿੱਸਾ ਬਣ ਗਿਆ ਹੈ। ਇੱਕ ਦਮ ਜਿਵੇਂ ਸ਼ਾਂਤੀ ਛਾ ਗਈ ਹੋਏ। ਉਸ ਮਗਰੋਂ ਕੁਝ ਮਿੰਟਾਂ ਲਈ ਕੋਈ ਕੁਝ ਨਾ ਬੋਲਿਆ। ਤੇ ਫਿਰ ਇੱਕ ਬਾਏ ਮਗਰੋਂ ਫੋਨ ਕੱਟ ਦਿੱਤਾ। ਤੇ ਰੋਣ ਲੱਗੀ। ਕਈ ਸਾਲ ਮਗਰੋਂ ਉਹ ਖੁੱਲ੍ਹ ਕੇ ਰੋਈ ਸੀ ,ਗਮੀ ਸੀ ਖੁਸ਼ੀ ਸੀ ਜਾਂ ਖੁਦ ਨੂੰ ਪਛਾਨਣ ਤੇ ਸਵੀਕਾਰਨ ਦੀ ਸ਼ਕਤੀ ਪਤਾ ਨਹੀਂ। ਦਿਲ ਹਲਕਾ ਹੋਇਆ ਤਾਂ ਦੱਬੇ ਪੈਰੀਂ ਕਮਰੇ ਚ ਗਈ। ਸ਼ਿਵਾਲੀ ਆਪਣੇ ਆਪ ਚ ਖੋਈ ਘੂਕ ਸੁੱਤੀ ਪਈ ਸੀ। ਖੂਬਸੂਰਤ ਨਾਈਟੀ ਵਿੱਚ ਆਪਣੇ ਜਿਸਮ ਦੀ ਖੂਬਸੂਰਤੀ ਨੂੰ ਹੋਰ ਵੀ ਉਭਾਰਦੇ ਹੋਏ। ਆਪਣੇ ਕੱਪੜਿਆਂ ਨੂੰ ਬੇਲੋੜਾ ਮੰਨ ਸ਼ੁਭ ਕੱਪੜੇ ਉਤਾਰਕੇ ਉਸ ਨਾਲ ਜਾ ਲੇਟੀ। ਉਸਨੂੰ ਆਪਣੀ ਜੱਫੀ ਵਿੱਚ ਘੁੱਟ ਲਿਆ। ਬਾਹਾਂ ਚ ਕਸਦੇ ਹੀ ਸ਼ਿਵਾਲੀ ਨੀਂਦ ਚ ਥੋੜ੍ਹਾ ਜਾਗੀ। ਉਸਦੀ ਨੰਗੀ ਪਿੱਠ ਤੇ ਹੱਥ ਫੇਰਦੇ ਹੋਏ ਆਪਣੇ ਨਾਲ ਘੁੱਟ ਲਿਆ ਤੇ ਸੀਨੇ ਵਿੱਚ ਆਪਣਾ ਚਿਹਰਾ ਘੁੱਟ ਕੇ ਇੱਕ ਲੱਤ ਉਸਦੀਆਂ ਲੱਤਾਂ ਵਿੱਚ ਘੁੱਟ ਕੇ ਮੁੜ ਅੱਖਾਂ ਬੰਦ ਕਰ ਲਈਆਂ।ਸ਼ੁਭ ਉਸਦੀ ਨਾਈਟੀ ਦੇ ਅੰਦਰੋਂ ਹੱਥ ਪਾ ਕੇ ਪਿੱਠ ਤੇ ਫੇਰਨ ਲੱਗੀ

ਉਂਗਲੀਆਂ ਦੀਆਂ ਹਰਕਤਾਂ ਸ਼ਿਵਾਲੀ ਦੀ ਕੱਚੀ ਨੀਂਦ ਨੂੰ ਟੁਣਕਾ ਦਿੱਤਾ ਸੀ। ਸ਼ੁਭ ਦੀਆਂ ਉਂਗਲਾਂ ਦੀਆਂ ਹਰਕਤਾਂ ਦੇ ਵਧਦੇ ਹੀ ਉਸਦੇ ਸੀਨੇ ਤੇ ਸ਼ਿਵਾਲੀ ਦੇ ਸਾਹਾਂ ਦਾ ਸੇਕ ਵੱਧ ਰਿਹਾ ਸੀ। ਜਦੋਂ ਉਸਨੂੰ ਆਪਣੇ ਸੀਨੇ ਤੇ ਗਰਮ ਤੇ ਨਰਮ ਬੁੱਲ ਮਹਿਸੂਸ ਹੋਏ ਤਾਂ ਉਸਨੇ ਸ਼ਿਵਾਲੀ ਦੇ ਸਰ ਨੂੰ ਹੋਰ ਵੀ ਜ਼ੋਰ ਨਾਲ ਸੀਨੇ ਨਾਲ ਘੁੱਟ ਲਿਆ। ਉਸਦੇ ਪੱਟਾਂ ਵਿੱਚ ਸ਼ਿਵਾਲੀ ਦਾ ਪੱਟ ਖਹਿ ਰਿਹਾ ਸੀ। ਜੋ ਨਾਈਟੀ ਖਿਸਕ ਨੇ ਨੰਗਾ ਹੋ ਗਿਆ ਸੀ। ਇੱਕ ਹੱਥ ਨਾਲ ਉਸਦੇ ਵਾਲਾਂ ਨੂੰ ਸਹਿਲਾਉਂਦੇ ਹੋਏ ਦੂਰੇ ਨਾਲ ਉਹ ਉਸਦੀ ਪਿੱਠ ਨੂੰ ਛੋਹੰਦੀ ਹੋਈ ਥੱਲੇ ਤੱਕ ਉਂਗਲਾਂ ਘੁਮਾਉਣ ਲੱਗੀ। ਹੱਥਾਂ ਦੀਆਂ ਹਰਕਤਾਂ ਨਾਲ ਹੀ ਨਾਈਟੀ ਉੱਤਰ ਗਈ ਸੀ। ਦੋਵੇਂ ਇੱਕੋ ਜਿਹੇ ਬਿਨਾਂ ਕਿਸੇ ਪਰਦੇ ਤੋਂ ਇੱਕ ਦੂਸਰੇ ਚ ਗੁਆਚ ਰਹੀਆਂ ਸੀ। ਸ਼ਿਵਾਲੀ ਦੇ ਬੁੱਲਾਂ ਦੀ ਗਰਮਾਇਸ਼ ਨੇ ਉਸਦੇ ਨਰਮ ਜਿਹੇ ਅੰਗਾਂ ਨੂੰ ਸਖਤ ਕਰ ਦਿੱਤਾ ਸੀ। ਜੀਭ ਨਾਲ ਹਰ ਹਿੱਸੇ ਨੂੰ ਸਹਲਾਉਂਦੇ ਹੋਏ ਜਿਵੇਂ ਕੂਲੇ ਕੂਲੇ ਉਹਨਾਂ ਅੰਗਾਂ ਨੂੰ ਉਹ ਜਿਵੇਂ ਅੰਬ ਵਾਂਗ ਚੂਪ ਰਹੀ ਹੋਵੇ। ਜੀਭ ਖਿਸਕਦੇ ਹੋਏ ਪੇਟ ਤੇ ਹੁੰਦੀ ਹੋਈ ਧੁੰਨੀ ਤੇ ਫਿਰਦੇ ਹੋਏ ਹੇਠਾਂ ਵੱਲ ਜਾਣ ਲੱਗੀ। ਸ਼ੁਭ ਨੇ ਉਦੋਂ ਹੀ ਉਸਨੂੰ ਰੋਕ ਦਿੱਤਾ ! ਉਸਦੇ ਰੋਕਦੇ ਹੀ ਸ਼ਿਵਾਲੀ ਸਮਝ ਗਈ ਉਹ ਕਿ ਚਾਹੁੰਦੀ ਹੈ। ਉਸਨੇ ਘੁੰਮ ਕੇ ਆਪਣੀਆਂ ਲੱਤਾਂ ਘੁਮਾ ਕੇ ਉਸਦੇ ਚਿਹਰੇ ਵੱਲ ਕਰ ਲਈਆਂ ਤੇ ਆਪਣਾ ਚਿਹਰਾ ਉਸਦੀਆਂ ਲੱਤਾਂ ਵੱਲ। ਜਿਸਮਾਂ ਦੇ ਧੁਰ ਅੰਦਰ ਤੱਕ ਜਿਵੇਂ ਕੋਈ ਤੂਫ਼ਾਨ ਛਿੜਿਆ ਹੋਏ। ਹਰ ਲੰਘਦੇ ਪਲ ਨਾਲ ,ਬੁੱਲਾਂ ਦੇ ਹਰ ਨਵੇਂ ਸਪਰਸ਼ ਨਾਲ ਪੱਟ ਚਿਹਰੇ ਤੇ ਕਸ ਹੋ ਜਾਂਦੇ ਸੀ। ਇਹੋ ਕਸਾਵਟ ਦੂਸਰੇ ਨੂੰ ਹੋਰ ਵੀ ਵੱਧ ਤੇਜੀ ਨਾਲ ਆਪਣਾ ਕੰਮ ਜੋਸ਼ ਚ ਕਰਨ ਲਈ ਪ੍ਰੇਰਦੀ ਸੀ। ਜਿਥੇ ਬੁੱਲ੍ਹਾ ਜਾਂ ਜੀਭ ਆਪਣਾ ਕੰਮ ਨਹੀਂ ਸੀ ਕਰ ਰਹੀ ਸੀ ਓਥੇ ਉਂਗਲਾਂ ਆਪਣਾ ਜਾਦੂ ਵਿਖਾ ਰਹੀਆਂ ਸੀ। ਮੂੰਹੋ ਨਿੱਕਲਦੀਆਂ ਸਿਸਕਾਰੀਆਂ ਕਮਰੇ ਚ ਗੂੰਝ ਰਹੀਆਂ ਸੀ ਜਿਸ ਵਿੱਚ ਉਹਨਾਂ ਤੋਂ ਬਿਨਾਂ ਹੋਰ ਕੋਈ ਗਵਾਹ ਨਹੀਂ ਸੀ। ਜਦੋਂ ਜਿਸਮਾਂ ਚ ਆਖਰੀ ਮੁਕਾਮ ਆਇਆ ਤਾਂ ਜਿਵੇਂ ਦੋਵੇਂ ਹੀ ਨੁੱਚੜ ਗਈਆਂ

ਹਣ। ਘੁਮ ਕ ਮੁੜ ਇਕ ਦੂਸਰ ਨੂ ਬਾਹਾ ਵਿਚ ਭਰਕ ਬੁਲਾ ਤ ਇਕ ਲਮਾ ਕਿਸ ਕੀਤੀ। ਸ਼ਿਵਾਲੀ ਨੇ ਉਸਦੀਆਂ ਅੱਖਾਂ ਚ ਤੱਕਦੇ ਹੋਏ ਪਹਿਲੀ ਵਾਰ ਕਿਹਾ ,” ਆਏ। ਲਵ ਯੂ “ਸ਼ੁਭ ਨੇ ਉਸਦੇ ਮੱਥੇ ਨੂੰ ਚੁੰਮਿਆ ਤੇ ਜਵਾਬ ਦਿੱਤਾ “ਆਈ ਲਵ ਯੂ “. ਪਤਾ ਨਹੀਂ ਉਹ ਵੀ ਇਹੋ ਕਹਿਣਾ ਚਾਹੁੰਦੀ ਸੀ। “ਆਪਾਂ ਦਿਲੀ ਜਾ ਰਹੇਂ ਹਾਂ ,ਜੇ ਫੈਸਲਾ ਵਧੀਆ ਹੋਇਆ ਤਾਂ ਆਪਾਂ ਸੇਲੀਬ੍ਰੇਟ ਕਰਨ ਲਈ ਬੈਲਟ ਲੈ ਕੇ ਆਵਾਂਗੇਂ। ਇਹ ਸ਼ਿਵਾਲੀ ਦੀ ਉਸ ਕੋਲ ਪਹਿਲੀ ਮੰਗ ਸੀ ,” ਜਰੂਰ ,ਸ਼ਾਇਦ ਸਾਡੇ ਲਈ ਵੀ ਅਧਿਕਾਰਾਂ ਦਾ ਸੂਰਜ ਜਲਦੀ ਚੜੇਗਾ। ” ਸੋਚਦੇ ਉਹ ਉਂਝ ਹੀ ਬਾਹਾਂ ਚ ਘੁੱਟ ਕੇ ਪਏ ਰਹੇ। ਇੱਕ ਨਵੇਂ ਸੂਰਜ ਦੀ ਆਸ ਵਿੱਚ। ਜੋ ਉਹਨਾਂ ਦੇ ਹੱਕ ਵਿੱਚ ਹੀ ਚੜ੍ਹਨ ਵਾਲਾ ਸੀ। ....(ਸਮਾਪਤ)

[ਇਹ ਕਹਾਣੀ ਇਥੇ ਸਮਾਪਤ ਹੈ , ਜਿਵੇਂ ਮੋਹਿਨੀ(ਹਿਜੜੇ ਵਾਲੀ) ਵਾਲੀ ਹੋਈ ਸੀ , ਇੰਝ ਹੀ ਬਾਕੀ ਇਸ ਵਿਸ਼ੇ ਤੇ ਤਿੰਨ ਕਹਾਣੀਆਂ ਗੇ ,ਬੈਸੇਕਸੂਅਲ ਤੇ ਕੁਈਰ ਗਰੁੱਪ ਦੀ ਕਹਾਣੀ ਪੜ੍ਹੋਗੇ ,ਉਸ ਮਗਰੋਂ ਪੰਜੇ ਕਹਾਣੀਆਂ ਦੇ ਪਾਤਰ ਇੱਕ ਥਾਂ ਮਿਲਣਗੇ ਤੇ ਨਾਲ ਹੀ ਉੱਪਰ ਵਾਲਾ ਕੇਸ ਹੈ ਉਸਦਾ ਫੈਸਲਾ ਤੇ ਉਸ ਬਾਰੇ ਬਾਕੀ ਡਿਟੇਲ ਲਿਖੀ ਜਾਊਗੀ , ਕਹਾਣੀ ਦਾ ਮਕਸਦ ਪਾਠਕਾਂ ਦੇ ਮਨ ਦੀਆਂ ਲੇਸਬੀਅਨ ਬਾਰੇ ਗੁੰਝਲਾਂ ,ਜਾਂ ਇਹਨਾਂ ਦੀਆਂ ਸਮੱਸਿਆਵਾਂ ਤੇ ਹੋਰ ਨਿੱਕੀ ਨਿੱਕੀ ਡਿਟੇਲ ਦੇਣ ਦੀ ਕੋਸ਼ਿਸ਼ ਸੀ ਜਿੰਨੇ ਕੁ ਸਵਾਲ ਕਹਾਣੀ ਲਿਖਦੇ ਵੇਲੇ ਆਏ ਉਹ ਵੀ ਜਿਥੋਂ ਤੱਕ ਹੋ ਸਕਿਆ ਸਾਫ ਸੁਥਰੇ ਤਰੀਕੇ ਦੱਸਣ ਦੀ ਕੋਸ਼ਿਸ਼ ਹੋਈ ,ਬਾਕੀ ਸਵਾਲ ਜਵਾਬ ਤੇ ਹੋਰ ਗੱਲਾਂ ਲਈ ਸਵਾਗਤ ਹੈ)

ਆਪਣੇ ਵਿਚਾਰ ਇਸ ਕਹਾਣੀ ਬਾਰੇ ਇੱਥੇ ਦੇਵੋ .

ਆਪਣੇ ਬਾਰੇ ਬਿਨਾਂ ਪਛਾਣ ਕੁਝ ਵੀ ਦੱਸਣ ਲਈ ਇਸ ਲਿੰਕ ਤੇ ਕਲਿੱਕ ਕ...
(https://harjotdikalam.com/2019/08/14/aboutyou/)

ਇਹ ਹੈ ਲਿੰਕ
(https://harjotdikalam.com/2019/08/14/aboutyou/)

ਹੋਰ ਕਹਾਣੀਆਂ ਪੜ੍ਹੋਂ

ਹੇਠਾਂ ਸਕਰੋਲ ਕਰੋ।

Advertisements

Earn money from your WordPress site

WordAds

SIGN UP

REPORT THIS AD